54 ਜਨਤਕ ਪੈਗਾਮ

ਜੁਲਾਈ 1989

ਕੀਮਤ : 4 ਰੁਪਏ

ਸੰਪਾਦਕ : ਮਾਲਵਿੰਦਰ ਸਿੰਘ ਮਾਲੀ

**30 ਜੂਨ ਦੇ ਪੰਜਾਬ ਬੰਦ ਦੇ ਸੱਦੇ ਦੀ ਸਫਲਤਾ
ਜਬਰ ਵਿਰੁੱਧ ਸੰਘਰਸ਼ ਜਾਰੀ ਰੱਖਣ ਦੀ ਲੋੜ**

**ਹਕੂਮਤੀ ਜਬਰ ਖਿਲਾਫ਼ ਲੜਾਈ ਅੰਦਰ
ਗਲਤ ਸਮਝਾਂ ਤੇ ਪਹੁੰਚਾਂ ਤੋਂ ਚੌਕਸ ਰਹੋ**

**ਜਾਤ ਪਾਤ ਅਤੇ ਰੀਜਰਵੇਸ਼ਨ ਬਾਰੇ ਸੰਧੂ ਤੇ
ਮਨਜੀਤ ਸਿੰਘ ਦੀ ਸਮਝ 'ਚ ਕੱਜ ਕਿੱਥੇ ?**

**ਸਰਕਾਰ ਨੂੰ ਮੇਰੇ ਸਵੈਮਾਣ ਨਾਲ ਖੇਡਣ
ਦਾ ਕੋਈ ਹੱਕ ਨਹੀਂ-ਰੂਪਨ ਦਿਓਲ ਬਜਾਜ**

**ਕਾ: ਚਾਰੂ ਮਜੂਮਦਾਰ ਦੇ ਸ਼ਹੀਦੀ ਦਿਵਸ 'ਤੇ
ਉਸਨੂੰ ਸੱਚੀ ਸ਼ਰਧਾਂਜਲੀ ਕਿਵੇਂ ਦਿੱਤੀ ਜਾਵੇ ?**

**ਚੀਨ 'ਚ ਵਿਦਿਆਰਥੀਆਂ ਦਾ ਕਤਲੇਆਮ
ਡੇਂਗ ਪੇਂਗ ਜੁੰਡਲੀ ਦਾ ਖੂਨੀ ਚਿਹਰਾ ਨੰਗਾ**

30 ਜੂਨ ਦੇ 'ਪੰਜਾਬ ਬੰਦ' ਦੇ ਸੱਦੇ ਦੀ ਸਫ਼ਲਤਾ ਤੇ
ਜਬਰ ਵਿਰੋਧੀ ਸੰਘਰਸ਼ ਨੂੰ ਜਾਰੀ ਰੱਖਣ ਦੀ ਲੋੜ

30 ਜੂਨ ਦੇ ਪੰਜਾਬ ਬੰਦ ਦੇ ਸੱਦੇ ਨੂੰ ਮਿਲੀ ਸ਼ਾਨਦਾਰ ਸਫ਼ਲਤਾ ਨੇ ਇਹ ਗੱਲ ਇਕ ਵਾਰ ਫਿਰ ਉਭਾਰ ਕੇ ਸਾਹਮਣੇ ਲੈ ਆਂਦੀ ਹੈ ਕਿ ਸਮੁੱਚੇ ਪੰਜਾਬ ਦੇ ਲੋਕ ਕੇਂਦਰੀ ਹਾਕਮਾਂ ਦੀਆਂ ਪੰਜਾਬ ਬਾਰੇ ਅਪਨਾਈਆਂ ਗਈਆਂ ਵਹਿਸ਼ੀ ਅਤੇ ਫ਼ਿਰਕੂ ਨੀਤੀਆਂ ਦਾ ਵਿਰੋਧ ਕਰਦੇ ਹਨ। ਪੰਜਾਬ ਦੇ ਸਾਰੇ ਫਿਰਕਿਆਂ ਵਲੋਂ ਇਸ ਬੰਦ ਨੂੰ ਮਿਲੀ ਲਗਪਗ ਮੁਕੰਮਲ ਹਿਮਾਇਤ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਸਾਰੇ ਪੰਜਾਬ ਦੇ ਲੋਕ ਜਾਤਪਾਤ ਅਤੇ ਧਰਮ ਤੋਂ ਉਪਰ ਉਠ ਕੇ ਕੇਂਦਰੀ ਹਾਕਮਾਂ ਵਲੋਂ ਪੰਜਾਬ 'ਤੇ ਝੁਲਾਏ ਜਾ ਰਹੇ ਜ਼ੁਲਮ ਦੇ ਝੱਖੜ ਦੇ ਡੱਟਵੇਂ ਵਿਰੋਧੀ ਹਨ।

ਪੰਜਾਬ ਬੰਦ ਦਾ ਇਹ ਸੱਦਾ ਭਾਵੇਂ ਆਲ ਇੰਡੀਆ ਸਿੱਖ ਸਟੂਡੈਂਟਸ ਫੈੱਡਰੇਸ਼ਨ ਦੇ ਇਕ ਧੜੇ ਨੇ ਦਿੱਤਾ ਸੀ ਪਰ ਇਸ ਦੀ ਹਿਮਾਇਤ ਵਿਚ ਸਿੱਖ ਸਟੂਡੈਂਟਸ ਫੈੱਡਰੇਸ਼ਨ ਦੇ ਸਾਰੇ ਧੜੇ, ਸਾਰੀਆਂ ਖਾੜਕੂ ਸਿੱਖ ਜਥੇਬੰਦੀਆਂ, ਪੰਜਾਬ ਮਨੁੱਖੀ ਅਧਿਕਾਰ ਸੰਗਠਨ, ਅਕਾਲੀ ਦਲ ਦੇ ਸਾਰੇ ਧੜੇ, ਭਾਰਤੀ ਕਿਸਾਨ ਯੂਨੀਅਨ, ਸੀ. ਪੀ. ਆਈ. (ਮ. ਲ.), ਪੈਗਾਮ ਗਰੁੱਪ,ਪੰਜਾਬ ਸਟੂਡੈਂਟਸ ਯੂਨੀਅਨ (ਏ ਆਈ ਆਰ ਐਸ.ਐਫ), ਪੰਜਾਬੀ ਹਿੰਦੂਆਂ ਦੀ ਜਥੇਬੰਦੀ 'ਦੇਸ਼ ਪੰਜਾਬ ਨਿਆਏ ਫਰੰਟ' ਅਤੇ ਹੋਰ ਅਨੇਕਾਂ ਜਥੇਬੰਦੀਆਂ ਆ ਖੜ੍ਹੀਆਂ ਹੋਈਆਂ ਸਨ।

ਪਿਛਲੇ ਕਈ ਸਾਲਾਂ ਤੋਂ ਰਾਜੀਵ ਹਕੂਮਤ ਤੇ ਦਿੱਲੀ ਦਰਬਾਰ ਦੇ ਸੂਬੇਦਾਰਾਂ—ਰੇਅ, ਰਿਬੇਰੋ, ਗਿੱਲ ਜੁੰਡਲੀ ਨੇ ਪੰਜਾਬ ਵਿਚ ਜਬਰ ਦੀ ਅੱਤ ਮਚਾਈ ਹੋਈ ਹੈ। ਖਾੜਕੂ ਸਿੱਖ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲੇ, ਪੰਜਾਬੀ ਔਰਤਾਂ 'ਤੇ ਵਹਿਸ਼ੀ ਪੁਲਸੀ ਜਬਰ, ਪਿੰਡਾਂ ਦੀਆਂ ਘੇਰਾਬੰਦੀਆਂ, ਖਾੜਕੂ ਸਿੱਖ ਨੌਜਵਾਨਾਂ ਦੇ ਹਿਮਾਇਤੀ ਲੋਕਾਂ ਦੇ ਘਰਾਂ ਦੇ ਉਜਾੜੇ ਤੇ ਸਮੁੱਚੇ ਰੂਪ ਵਿਚ ਸਿੱਖ ਭਾਈਚਾਰੇ ਨੂੰ ਜਲੀਲ ਕਰਨ ਦੀਆਂ ਘਟਨਾਵਾਂ ਨੇ ਮੀਰਮੰਨੂ, ਜ਼ਕਰੀਆ ਖਾਂ ਅਤੇ ਵਜੀਦੇ ਦੇ ਜ਼ੁਲਮਾਂ ਦੀ ਯਾਦ ਨੂੰ ਤਾਜ਼ਾ ਕਰ ਦਿੱਤਾ ਹੈ। 30 ਜੂਨ ਨੂੰ ਸਾਰਾ ਪੰਜਾਬ ਬੰਦ ਕਰਕੇ ਸਮੁੱਚੇ ਪੰਜਾਬੀ ਭਾਈਚਾਰੇ ਨੇ ਦਿਖਾ ਦਿੱਤਾ ਹੈ ਕਿ ਉਹ ਇਹਨਾਂ ਮੀਰ ਮੰਨੂਆਂ, ਜ਼ਕਰੀਏ ਤੇ ਵਜੀਦਿਆਂ ਦੇ ਜ਼ੁਲਮਾਂ ਨੂੰ ਹੋਰ ਸਹਿਣ ਨਹੀਂ ਕਰਨਗੇ।

ਪਰ ਜਿਵੇਂ ਕਿ ਬੀਤੇ ਦੇ ਇਤਿਹਾਸ ਨੇ ਦਿਖਾਇਆ ਹੈ ਜਾਬਰ ਹਕੂਮਤਾਂ ਕਦੇ ਵੀ ਲੋਕ-ਰਾਇ ਦੀ ਕਦਰ ਨਹੀਂ ਕਰਦੀਆਂ। ਉਹ ਆਪਣੇ ਹੱਕਾਂ ਲਈ ਜੂਝ ਰਹੇ ਲੋਕਾਂ ਦੇ ਹੱਕੀ ਸੰਘਰਸ਼ਾਂ ਨੂੰ ਹਮੇਸ਼ਾਂ ਖੂਨ ਦੀਆਂ ਨਦੀਆਂ ਵਿਚ ਡੁਬੋ ਕੇ ਖਤਮ ਕਰਨ ਦਾ ਭਰਮ ਪਾਲਦੀਆਂ ਰਹਿੰਦੀਆਂ ਹਨ ਅਤੇ ਉਹਨਾਂ ਦਾ ਇਹ ਭਰਮ ਓਨਾ ਚਿਰ ਨਹੀਂ ਟੁੱਟਦਾ ਜਿਨਾ ਚਿਰ ਆਪਣੇ ਹੱਕਾਂ ਲਈ ਸੰਘਰਸ਼ ਕਰ ਰਿਹਾ ਸਮੁੱਚਾ ਭਾਈਚਾਰਾ ਹਥਿਆਰਬੰਦ ਹੋ ਕੇ ਇਹਨਾਂ ਜਾਬਰਾਂ ਨੂੰ ਆਪਣੀ ਹਦੂਦ ਚੋਂ ਬਾਹਰ ਨਹੀਂ ਧਕ ਦੇਂਦਾ ਜਾਂ ਇਹਨਾਂ ਨੂੰ ਤਬਾਹ ਨਹੀਂ ਕਰ ਦੇਂਦਾ। ਅਮਰੀਕਨ ਸਾਮਰਾਜੀਆਂ ਵਿਰੁੱਧ ਵੀਅਤਨਾਮੀ ਲੋਕਾਂ ਵਲੋਂ ਅਤੇ ਹੁਣੇ ਜਿਹੇ ਹੀ ਰੂਸੀ ਸਮਾਜਿਕ ਸਾਮਰਾਜੀਆਂ ਵਿਰੁੱਧ ਅਫਗਾਨੀ ਲੋਕਾਂ ਵਲੋਂ ਲੜੇ ਗਏ ਸੰਘਰਸ਼ਾਂ ਦੀਆਂ ਮਿਸਾਲਾਂ ਇਤਿਹਾਸ ਦੇ ਇਨ੍ਹਾਂ ਸ਼ਬਦਾਂ ਨੂੰ ਹੀ ਦੁਹਰਾਉਂਦੀਆਂ ਹਨ। ਰਾਜੀਵ ਹਕੂਮਤ ਦੀ ਫਿਤਰਤ ਅਮਰੀਕਨ ਸਾਮਰਾਜੀਆਂ ਜਾਂ ਰੂਸੀ ਸਮਾਜਿਕ ਸਾਮਰਾਜੀਆਂ ਤੋਂ ਕੋਈ ਵਖਰੀ ਨਹੀਂ। ਇਸ ਲਈ ਜਿਨ੍ਹਾਂ ਚਿਰ ਸਮੁੱਚੇ ਪੰਜਾਬ ਦੇ ਲੋਕ ਜਥੇਬੰਦ ਹੋ ਕੇ ਇਸ ਹਕੂਮਤ ਦਾ ਫਸਤਾ ਹੀ ਨਹੀਂ ਵੱਢ ਦੇਂਦੇ ਉਨ੍ਹਾਂ ਚਿਰ ਹਕੂਮਤੀ ਕਹਿਰ ਦੀ ਛਟ ਪੰਜਾਬ ਤੇ ਖਾਸ ਕਰਕੇ ਆਪਣੀ ਅਜ਼ਾਦੀ ਲਈ ਸੰਘਰਸ਼ ਕਰ ਰਹੇ ਸਿੱਖ ਭਾਈਚਾਰੇ ਦੇ ਲੋਕਾਂ ਤੇ ਸਿੱਖ ਨੌਜਵਾਨਾਂ ਉੱਤੇ ਵਰਦੀ ਰਹੇਗੀ।

ਇਸ ਲਈ ਇਹ ਯਕੀਨੀ ਹੈ ਕਿ ਜੇ ਪੰਜਾਬੀ ਲੋਕਾਂ ਨੇ ਆਪਣੀ ਅਜ਼ਾਦੀ ਦੇ ਸੰਘਰਸ਼ ਨੂੰ ਅਗੇ ਵਧਾਉਣਾ ਹੈ ਤਾਂ ਹਕੂਮਤੀ ਜਬਰ ਦਾ ਕੁਹਾੜਾ ਉਨ੍ਹਾਂ 'ਤੇ ਵਰਨਾ ਹੀ ਵਰਨਾ ਹੈ। ਜ਼ਰੂਰਤ ਇਸ ਗੱਲ ਦੀ ਹੈ ਕਿ ਕੇਂਦਰੀ ਹਾਕਮਾ ਦੇ ਇਸ ਜ਼ਬਰ ਖਿਲਾਫ ਵੱਧ ਤੋਂ ਵੱਧ ਪੰਜਾਬੀ ਲੋਕਾਂ ਨੂੰ ਲਾਮਬੰਦ ਕੀਤਾ ਜਾਵੇ ਅਤੇ ਜਬਰ ਵਿਰੋਧੀ ਸੰਘਰਸ਼ 'ਚ ਉਨ੍ਹਾਂ ਦੀ ਸਰਗਰਮ ਸ਼ਮੂਲੀਅਤ ਕਰਵਾਏ ਜਾਵੇ। ਇਸ ਲਈ ਅਜਿਹੀਆਂ ਸੋਚਾਂ ਅਤੇ ਸਮਝਾਂ ਨੂੰ ਪਛਾਨਣਾਂ ਅਤੇ ਧਰਕੇ ਛੰਡਣਾ ਜ਼ਰੂਰੀ ਹੈ ਜਿਹੜੀਆਂ ਸਾਂਝੇ ਦੁਸ਼ਮਣ ਖਿਲਾਫ ਸੰਘਰਸ਼ ਨੂੰ ਢਾਹ ਲਾਉਂਦੀਆਂ ਹਨ। ਧਾਰਮਿਕ ਵਿਸ਼ਵਾਸ ਅਤੇ ਵਖਰੇਵੇਂ ਅਤੇ ਵਿਚਾਰਧਾਰਕ ਸਿਆਸੀ ਮੱਤ ਭੇਦਾਂ ਨੂੰ ਹੀ ਦੋਸਤਾਂ ਅਤੇ ਦੁਸ਼ਮਣਾਂ ਵਿਚਕਾਰ ਨਿਖੇੜੇ ਦੀ ਲਕੀਰ ਖਿੱਚਣ ਵਾਲੀ ਸੋਚ ਵੀ ਇਸੇ ਘੇਰੇ 'ਚ ਹੀ ਆਉਂਦੀ ਹੈ।

ਜਿਥੇ ਕੇਂਦਰੀ ਹਾਕਮਾਂ ਦੇ ਜ਼ਬਰ ਵਿਰੁੱਧ ਵੱਧ ਤੋਂ ਵੱਧ ਲੋਕਾਂ ਨੂੰ ਲਾਮਬੰਦ ਕਰਕੇ ਸੰਘਰਸ਼ ਜਾਰੀ ਰੱਖਣ ਦੀ ਜ਼ਰੂਰਤ ਹੈ ਉਥੇ ਜਬਰ ਵਿਰੋਧੀ ਪੰਜਾਬੀ ਲੋਕਾਂ ਦੀ ਖਰੀਆਂ ਭਾਵਨਾਵਾਂ ਦਾ ਲਾਹਾ ਲੈ ਕੇ ਨੌਜਵਾਨਾਂ ਦੀਆਂ ਲਾਸ਼ਾਂ 'ਤੇ ਪੈਰ ਧਰਕੇ ਹਕੂਮਤੀ ਕੁਰਸੀਆਂ ਤੱਕ ਅਪੜਣ ਦੀ ਲਾਲਸਾ ਪਾਲ ਰਹੇ ਆਗੂਆਂ ਤੋਂ ਵੀ ਚੌਕਸ ਰਹਿਣ ਦੀ ਜ਼ਰੂਰਤ ਹੈ।

ਹਕੂਮਤੀ ਜਬਰ ਖਿਲਾਫ ਲੜਾਈ ਅੰਦਰ

ਗਲਤ ਸਮਝਾਂ ਤੇ ਪਹੁੰਚਾ ਤੋਂ ਖਬਰਦਾਰ ਰਹੋ

ਪੰਜਾਬ ਅੰਦਰ ਹਕੂਮਤੀ ਜਬਰ ਖਿਲਾਫ ਲੜਾਈ ਅੰਦਰ ਵੱਧ ਤੋਂ ਵੱਧ ਤਾਕਤਾਂ ਨੂੰ ਇੱਕਮੁੱਠ ਕਰਨਾ ਸਮੇਂ ਦੀ ਲੋੜ ਹੈ ਤਾਂ ਕਿ ਮਨੁੱਖੀ ਹੱਕਾਂ ਦੀ ਰਾਖੀ ਦੀ ਲੜਾਈ ਅੰਦਰ ਲੋਕਾਂ ਦੇ ਵੱਧ ਤੋਂ ਵਧ ਹਿੱਸਿਆਂ ਨੂੰ ਸਰਗਰਮ ਕੀਤਾ ਜਾ ਸਕੇ, ਕਿਉਂਕਿ ਇਹ ਸਚਾਈ ਦਿਨੋਂ ਦਿਨ ਵਧੇਰੇ ਪ੍ਰਤੱਖ ਹੁੰਦੀ ਜਾ ਰਹੀ ਹੈ ਕਿ ਲੋਕਾਂ ਦੀ ਸਰਗਰਮ ਸ਼ਮੂਲੀਅਤ ਤੋਂ ਬਿਨਾਂ ਹਕੂਮਤੀ ਜਬਰ ਨੂੰ ਅਸਰਦਾਰ ਢੰਗ ਨਾਲ ਨੱਥ ਨਹੀਂ ਮਾਰੀ ਜਾ ਸਕਦੀ।

ਇਸ ਪ੍ਰਸੰਗ ਅੰਦਰ ਹੀ 25 ਜੂਨ ਨੂੰ ਚੰਡੀਗੜ੍ਹ ਵਿਖੇ ਵੱਖ-ਵੱਖ ਸਿਆਸੀ ਧਿਰਾਂ, ਜਥੇਬੰਦੀਆਂ ਤੇ ਵਿਅਕਤੀਆਂ ਵੱਲੋਂ ਇੱਕ ਕਨਵੈਨਸ਼ਨ ਆਯੋਜਿਤ ਕੀਤੀ ਗਈ। ਪੰਜਾਬ ਮਨੁੱਖੀ ਅਧਿਕਾਰ ਸਭਾ (PHRO) ਵੱਲੋਂ ਪਿਛਲੇ ਕਾਫੀ ਅਰਸੇ ਤੋਂ ਹਕੂਮਤੀ ਜਬਰ ਖਿਲਾਫ ਲੜਾਈ ਲਈ ਮੁਕਾਬ-ਲਤਨ ਦਰੁਸਤ ਪੈਂਤੜਾ ਉਭਾਰਿਆ ਜਾਂਦਾ ਰਿਹਾ ਹੈ। ਜਿਸ ਦੀ ਬਦੌਲਤ ਹੀ ਇਹ ਜਥੇਬੰਦੀ ਪੰਜਾਬ ਦੇ ਲੋਕਾਂ ਦੇ ਮਨਾਂ ਅੰਦਰ ਹਕੂਮਤੀ ਜਬਰ ਖਿਲਾਫ ਲਗਾਤਾਰ ਦ੍ਰਿੜਤਾ ਨਾਲ ਲੜਨ ਵਾਲੀ ਜਥੇਬੰਦੀ ਵਜੋਂ ਆਪਣੀ ਵਿਲੱਖਣ ਥਾਂ ਬਣਾ ਸਕੀ ਹੈ। ਇਸ ਲਈ ਇਹ ਗੱਲ ਹੋਰ ਵੀ ਬਹੁਤ ਜਰੂਰੀ ਹੈ ਕਿ ਜੇ ਅਸੀਂ ਹਕੂਮਤੀ ਜਬਰ ਖਿਲਾਫ ਅਸਰਦਾਰ ਲੜਾਈ ਲੜਨੀ ਹੈ ਅਤੇ ਇਸ ਲਈ ਵੱਧ ਤੋਂ ਵੱਧ ਤਾਕਤਾਂ ਨੂੰ ਇਕ ਮੰਚ 'ਤੇ ਇੱਕਠਾ ਕਰਨਾ ਹੈ ਤਾਂ ਹਕੂਮਤੀ ਜਬਰ ਖਿਲਾਫ ਲੜਾਈ ਦਾ ਦਰੁਸਤ ਪੈਂਤੜਾ ਮੱਲਿਆ ਜਾਵੇ। ਇਸ ਪੱਖੋਂ ਹੀ ਚੰਡੀਗੜ੍ਹ ਕਨਵੈਨਸ਼ਨ ਅੰਦਰ ਵੱਖ ਵੱਖ ਧਿਰਾਂ ਤੇ ਵਿਅਕਤੀਆਂ ਵੱਲੋਂ ਪੰਜਾਬ ਅੰਦਰ ਹਕੂਮਤੀ ਜਬਰ ਨਾਲ ਜੁੜਵੇਂ ਵੱਖ ਵੱਖ ਮੁੱਦਿਆਂ ਸਬੰਧੀ ਉਭਾਰੀਆਂ ਬੇਹੱਦ ਨੁਕਸਦਾਰ ਸਮਝਾਂ ਤੇ ਪਹੁੰਚਾਂ ਦਾ ਨੋਟਿਸ ਲੈਣਾ ਜਰੂਰੀ ਹੈ। ਕਿਉਂਕਿ ਇਹ ਸਮਝਾਂ/ਪਹੁੰਚਾਂ ਨੂੰ ਜੇ ਫੌਰੀ ਤੌਰ 'ਤੇ ਚੈੱਕ ਨਹੀਂ ਕੀਤਾ ਜਾਂਦਾ ਤਾਂ ਇਹ ਹਕੂਮਤੀ ਜਬਰ ਖਿਲਾਫ ਲੜਾਈ ਨੂੰ ਅੱਗੇ ਵਧਾਉਣ ਦੀ ਥਾਂ ਪੰਜਾਬ ਦੇ ਲੋਕਾਂ ਖਾਸ ਕਰਕੇ ਸਿੱਖਾਂ ਵੱਲੋਂ ਲੜੇ ਜਾ ਰਹੇ ਸੰਘਰਸ਼ ਨੂੰ ਹੋਰ ਕੁਰਾਹੇ ਪਾਉਣ ਤੇ ਇਸ ਸਬੰਧੀ ਕੇਂਦਰੀ ਹਾਕਮਾਂ ਤੇ ਪਿਛਾਖੜੀ ਤਾਕਤਾਂ ਵੱਲੋਂ ਪਰਚਾਰੇ ਜਾ ਰਹੇ ਚਗਲ ਝੂਠ ਨੂੰ ਪੱਕੇ ਪੈਰੀਂ ਕਰਨ ਦਾ ਰੋਲ ਵੀ ਨਿਭਾ ਸਕਦੀਆਂ ਹਨ।

ਕਿਉਂਕਿ ਇਸ ਕਨਵੈਨਸ਼ਨ ਅੰਦਰ ਬਹੁਤੇ ਬੁਲਾਰਿਆਂ ਨੇ ਹਕੂਮਤੀ ਜਬਰ ਅਤੇ ਇਸ ਖਿਲਾਫ ਅੰਦੋਲਨ ਉਭਾਰਨ ਦੇ ਅਸਲ ਮਸਲੇ ਸਬੰਧੀ ਆਪਣੇ ਵਿਚਾਰ ਜਾਂ ਸੁਝਾਅ ਪੇਸ਼ ਕਰਨ ਦੀ ਥਾਂ ਪੰਜਾਬ ਮਸਲੇ ਦੇ ਕਾਰਨਾਂ ਤੇ ਹੱਲ ਬਾਰੇ ਹੀ ਆਪਣੇ ਵਿਚਾਰ ਰੱਖੇ, ਇਸ ਕਰਕੇ ਇਹ ਕਨਵੈਨਸ਼ਨ ਆਪਣੇ ਐਲਾਨੇ ਮੰਤਵ ਲਈ ਕੋਈ ਠੋਸ ਕਦਮ ਲੈਣ 'ਚ ਸਫਲ ਨਹੀਂ ਹੋ ਸਕੀ। ਪੰਜਾਬ 'ਚ ਮਨੁੱਖੀ ਹੱਕਾਂ ਦੀ ਰਾਖੀ ਤੇ ਹਕੂਮਤੀ ਜਬਰ ਖਿਲਾਫ ਲੜਨ ਲਈ ਪੰਜਾਬ ਮਸਲੇ ਸਬੰਧੀ ਪੂਰੀ ਤਰ੍ਹਾਂ ਦਰੁਸਤ ਸਮਝ ਤੇ ਸਾਂਝੀ ਸਹਿਮਤੀ ਹੋਣੀ ਭਾਂਵੇ ਜਰੂਰੀ ਨਹੀਂ ਪਰ ਤਾਂ ਵੀ ਘੱਟੋ ਘੱਟ ਟਕਰਾ ਦਾ ਮੁੱਦਾ ਬਣੇ ਸਿਆਸੀ ਮੁੱਦਿਆਂ ਬਾਰੇ ਹਾਂ ਪੱਖੀ ਪਹੁੰਚ ਦਾ ਧਾਰਨੀ ਹੋਣਾ ਜਰੂਰੀ ਹੈ। ਅਜਿਹੀ ਘੱਟੋ ਘੱਟ ਹਾਂ ਪੱਖੀ ਸਮਝ ਤੋਂ ਸੱਖਣੀਆ ਧਿਰਾਂ 'ਤੇ ਦ੍ਰਿੜਤਾ ਨਾਲ ਹਕੂਮਤੀ ਜਬਰ ਖਿਲਾਫ ਲੜਾਈ ਦੇਣ ਦਾ ਭਰੋਸਾ ਨਹੀਂ ਕੀਤਾ ਜਾ ਸਕਦਾ। ਇਥੇ ਵੱਖ ਵੱਖ ਧਿਰਾਂ ਵਲੋਂ ਬਹੁਤ ਸਾਰੇ ਮਸਲਿਆਂ ਪ੍ਰਤੀ ਬੇਹੱਦ ਗਲਤ ਸਮਝ ਦਾ ਪ੍ਰਗਟਾਵਾ ਕੀਤਾ ਗਿਆ।

ਹਕੂਮਤੀ ਦਹਿਸ਼ਤਵਾਦ ਬਨਾਮ ਵਿਅਕਤੀਗਤ ਦਹਿਸ਼ਤਵਾਦ

ਹਕੂਮਤੀ ਜਬਰ ਖਿਲਾਫ ਸਾਂਝੀ ਲੜਾਈ ਲੜਨ ਲਈ ਇਸ ਮੁੱਦੇ 'ਤੇ ਸਪਸ਼ਟਤਾ ਬਹੁਤ ਜਰੂਰੀ ਹੈ। ਪੰਜਾਬ ਦੇ ਲੋਕ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਦੇ ਅਮਲ ਦੌਰਾਨ ਖੁਦ ਹਾਸਲ ਕੀਤੇ ਤਜਰਬੇ 'ਚੋਂ ਇਸ ਸਿਟੇ 'ਤੇ ਪਹੁੰਚੇ ਹਨ ਕਿ "ਜਦ ਧਿਰ ਉਪਾਵਾਂ ਦੀ ਹਾਰਦੀ—ਤਾਂ ਜਾਇਜ਼ ਵਰਤੋਂ ਤਲਵਾਰ ਦੀ।" ਜਦੋਂ ਹਕੂਮਤ ਨੇ ਅੰਦੋਲਨ ਨੂੰ ਗੋਲੀ ਨਾਲ ਕੁਚਲਣ ਲਈ ਪੁਲਸੀ ਧਾੜਾਂ ਨੂੰ ਖੁੱਲੀ ਛੁੱਟੀ ਦੇ ਦਿੱਤੀ ਤੇ ਲੋਕਾਂ ਦੇ ਕਾਤਲਾਂ ਨੂੰ ਆਪਣੀ ਹਿਫਾਜਤੀ ਛਤਰੀ ਹੇਠ ਲਕੋਣਾ ਸ਼ੁਰੂ ਕਰ ਦਿੱਤਾ ਤਾਂ ਸਿੱਖ ਨੌਜੁਆਨਾ ਨੇ ਵੀ ਹਥਿਆਰਬੰਦ ਸੰਘਰਸ਼ ਦਾ ਰਾਹ ਚੁਣਿਆ। ਇਹੋ ਜਿਹੀ ਹਾਲਤ 'ਚ ਸਿੱਖ ਗੱਭਰੂਆਂ ਦੀ ਟਾਕਰਾ ਲਹਿਰ ਹੱਕੀ ਹੈ। ਕਨਵੈਨਸ਼ਨ ਅੰਦਰ ਬਹੁਤੇ ਬੁਲਾਰੇ ਇਹ ਤਾਂ ਕਹਿੰਦੇ ਰਹੇ ਕਿ ਸਿੱਖ ਨੌਜੁਆਨਾਂ ਦਾ ਹਿੰਸਕ ਜੁਆਬ ਹਕੂਮਤੀ ਜਬਰ ਦਾ ਪ੍ਰਤੀਕਰਮ ਹੈ ਪਰ ਨਾਲ ਹੀ ਉਹ ਇਸ

ਨੂੰ "ਵਿਅਕਤੀਗਤ ਦਹਿਸ਼ਤਵਾਦ" ਕਹਿਕੇ ਰੱਦ ਕਰਨ ਤੇ ਨਿੰਦਣ 'ਚ ਕਸਰ ਬਾਕੀ ਨਹੀਂ ਛੱਡਦੇ ਰਹੇ ਅਤੇ ਸਿੱਖ ਨੌਜੁਆਨਾਂ ਵਲੋਂ ਹਥਿਆਰ ਚੁੱਕਣ ਦੀ ਨੈਤਿਕ ਤੇ ਸਿਆਸੀ ਵਾਜਬੀਅਤ ਨੂੰ ਰੱਦ ਕਰਦੇ ਰਹੇ।

ਭਾਵੇਂ ਅਸੀਂ ਖੁੱਦ ਵੀ ਇਸ ਗੱਲ ਦੇ ਮੁੱਦਈ ਹਾਂ ਕਿ ਖਾੜਕੂ ਸਿੱਖਾਂ ਵੱਲੋਂ, ਆਪਣੀ ਧਾਰਮਕ ਤੰਗਨਜ਼ਰੀ ਤੇ ਗਲਤ ਸਿਆਸੀ ਸੋਚਣੀ ਕਰਕੇ, ਹਥਿਆਰਾਂ ਦੀ ਸ਼ਿਸ਼ਤ ਨਿਰਦੋਸ਼ ਲੋਕਾਂ, ਹਿੰਦੂਆਂ ਤੇ ਹਰ ਕਿਸਮ ਦੇ ਸਿਆਸੀ ਵਿਰੋਧੀਆਂ ਵੱਲ ਸੇਧਣ ਦੀ ਬਿਨਾਂ ਕਿਸੇ ਰੱਖ ਰਖਾਅ ਦੇ ਆਲੋਚਨਾ ਕੀਤੀ ਜਾਣੀ ਚਾਹੀਦੀ ਹੈ। ਪਰ ਜਾਲਮ ਨੂੰ, ਕਾਤਲ ਨੂੰ ਸਜਾ ਦੇਣ ਤੇ ਆਪਣੇ ਹੱਕਾਂ ਨੂੰ, ਹਥਿਆਰਾਂ ਦੇ ਜ਼ੋਰ ਖੋਹੀਂ ਬੈਠੇ ਦੁਸ਼ਮਣ ਕੋਲੋਂ, ਹਥਿਆਰਾਂ ਨਾਲ ਖੋਹਣ ਦੇ ਰਾਹ ਪੈਣਾ ਕਿਸੇ ਵੀ ਪੱਖੋਂ ਗਲਤ ਨਹੀਂ ਸਗੋਂ ਇਖਲਾਕੀ ਤੇ ਸਿਆਸੀ ਤੌਰ 'ਤੇ ਦਰੁਸਤ ਹੈ। ਜੇ ਵੱਖ ਵੱਖ ਧਿਰਾਂ ਇਸ ਗੱਲ ਨਾਲ ਸਹਿਮਤ ਨਾ ਵੀ ਹੋਣ ਤਾਂ ਹਕੂਮਤੀ ਜਬਰ ਖਿਲਾਫ ਲੜਾਈ ਦੇ ਸਾਂਝੇ ਮੰਚ ਤੋਂ ਉਹਨਾਂ ਨੂੰ ਥੋਕ ਰੂਪ 'ਚ ਹੱਕੀ ਹਥਿਆਰ ਬੰਦ ਵਿਰੋਧ ਨੂੰ ਬੱਦੂ ਕਰਨ ਦੀ ਆਗਿਆ ਵੀ ਨਹੀਂ ਦਿੱਤੀ ਜਾ ਸਕਦੀ। ਜਿਸਦਾ ਅਰਥ ਖਾੜਕੂਆਂ ਵੱਲੋਂ ਹਕੂਮਤ ਖਿਲਾਫ ਹਥਿਆਰ ਉਠਾਉਣ ਨੂੰ ਗਲਤ ਕਰਾਰ ਦੇ ਕੇ ਹਥਿਆਰ ਸੁੱਟਣ ਲਈ ਪ੍ਰੇਰਤ ਕਰਨ ਤੋਂ ਬਿਨਾਂ ਹੋਰ ਕੁੱਝ ਨਹੀਂ। ਅਤੇ ਇਹੀ ਕੁੱਝ ਕਰਾਉਣ ਲਈ ਅੱਜ ਦਿੱਲੀ ਦਰਬਾਰ ਤੇ ਉਸਦੀ ਹਕੂਮਤੀ ਮਸ਼ੀਨਰੀ ਸਿੱਖਾਂ 'ਤੇ ਜਬਰ ਢਾਹ ਰਹੀ ਹੈ। "ਮੁੱਖ ਧਾਰਾ" ਦਾ ਅਰਥ ਵੀ ਇਹ ਹੀ ਬਣਦਾ ਹੈ। ਤੇ ਇਸੇ ਨੂੰ ਹੀ ਹਾਕਮ "ਧਰਤੀ ਦਾ ਕਾਨੂੰਨ" (ਲਾਅ ਆਫ ਦਾ ਲੈਂਡ) ਕਹਿੰਦੇ ਹਨ। ਇਸ ਅਧੀਨ ਰਹਿੰਦਿਆਂ ਮੁਲਕ ਅੰਦਰਲੀਆਂ ਕੌਮਾਂ, ਧਾਰਮਕ ਘੱਟ-ਗਿਣਤੀਆਂ ਤੇ ਮਿਹਨਤੀ ਲੋਕ ਨਾ ਕਦੇ ਇਨਸਾਫ ਤੇ ਹੱਕ ਹਾਸਲ ਕਰ ਸਕੇ ਹਨ ਤੇ ਨਾ ਹੀ ਕਰ ਸਕਦੇ ਹਨ। ਇਹ ਠੀਕ ਹੈ ਕਿ ਜਦੋਂ ਕੌਮਾਂ, ਭਾਈਚਾਰੇ ਤੇ ਲੋਕ ਹੱਕਾਂ ਲਈ ਲੜਦੇ ਹਨ ਤਾਂ ਹਾਕਮ ਉਨ੍ਹਾਂ ਨੂੰ ਕੁਚਲਣ ਲਈ ਨਵੇਂ ਕਾਨੂੰਨ ਵੀ ਘੜਦੇ ਹਨ ਤੇ ਆਪਣੇ ਬਣਾਏ ਕਾਨੂੰਨਾਂ ਨੂੰ ਪੈਰਾਂ ਹੇਠ ਵੀ ਰੋਲਦੇ ਹਨ। ਪਰ ਜੇ ਕੋਈ ਇਹ ਕਹੇ ਜਿਵੇਂ ਕਰਨਲ ਪ੍ਰਤਾਪ ਸਿੰਘ ਗਿੱਲ ਨੇ "ਕੀ ਨੋਟ ਭਾਸ਼ਨ" 'ਚ ਕਿੱਲ ਕਿੱਲ ਕੇ ਕਿਹਾ ਹੈ ਕਿ ਅਸੀਂ ਕਾਨੂੰਨ ਦੀ ਰਾਖੀ ਕਰਨੀ ਹੈ ਕਿਉਂਕਿ ਸਰਕਾਰ ਕਾਨੂੰਨ ਤੋੜਦੀ ਹੈ—ਤਾਂ ਇਹ ਪੰਜਾਬ ਦੇ ਲੋਕਾਂ ਨੂੰ ਉਸੇ ਕਾਨੂੰਨ ਦੇ ਚਰਨੀ ਜਾ ਡੇਗਣਾ ਹੈ ਜਿਸਦੇ ਰਾਹੀਂ ਉਨ੍ਹਾਂ ਦੇ "ਗਲੀ ਗੁਲਾਮੀ ਦਾ ਜੂਲਾ" ਪਾਇਆ ਹੋਇਆ ਹੈ।

1987'ਚ ਦਿੱਲੀ ਅੰਦਰ ਕੰਮ ਰਹੀਆਂ ਮਨੁੱਖੀ ਅਧਿਕਾਰਾਂ ਸਬੰਧੀ ਜਥੇਬੰਦੀਆਂ ਵੱਲੋਂ ਪੀ.ਐਚ.ਆਰ.ਓ' ਨੂੰ ਇਹ ਸ਼ਰਤੀਆਂ ਪੇਸ਼ਕਸ਼ ਆਈ ਸੀ ਕਿ ਤੁਸੀਂ ਹਕੂਮਤੀ ਦਹਿਸ਼ਤਵਾਦ ਨਾਲ ਹੀ ਵਿਅਕਤੀਗਤ ਦਹਿਸ਼ਤਵਾਦ ਦੀ ਸਪਸ਼ੱਟ ਨਿਖੇਧੀ ਕਰੋ ਤਾਂ ਆਪਾਂ ਮਿਲਕੇ ਚੱਲ ਸਕਦੇ ਹਾਂ ਪਰ ਪੀ.ਐਚ. ਆਰ.ਓ. ਨੇ ਇਹ ਸ਼ਰਤ ਦੋ ਟੁੱਕ ਰੱਦ ਕਰ ਦਿੱਤੀ ਸੀ।

ਨਿਰਦੋਸ਼ਾਂ ਦੇ ਕਤਲ ਬਨਾਮ ਸਰਕਾਰੀ ਸਾਜਸ਼

ਇਸ ਗੱਲ 'ਚ ਭੋਰਾ ਭਰ ਵੀ ਸ਼ੱਕ ਨਹੀਂ ਕਿ ਖਾੜਕੂ ਆਪਣੀ ਗਲਤ ਸੋਚਣੀ ਕਰਕੇ ਵੱਖ ਵੱਖਰੇ ਸਮੇਂ ਕਦੇ ਤੇਜ਼ ਕਦੇ ਹੌਲੀ. ਸਧਾਰਨ ਹਿੰਦੂਆਂ ਤੇ ਆਪਣੇ ਵਿਰੋਧੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਦੇ ਕਤਲ ਕਰਦੇ ਰਹਿੰਦੇ ਹਨ। ਬਿਨਾਂ ਸ਼ੱਕ ਉਹਨਾਂ ਦੀਆਂ ਇਹੋ ਜਿਹੀਆਂ ਕਾਰਵਾਈਆਂ ਕੇਂਦਰੀ ਹਾਕਮਾਂ ਦੇ ਹੱਥਾਂ 'ਚ ਪੰਜਾਬ ਦੇ ਸੰਘਰਸ਼ ਨੂੰ ਬੱਦੂ ਕਰਨ ਤੇ ਮੁਲਕ ਭਰ'ਚ ਹਿੰਦੂ ਜਨੂੰਨ ਨੂੰ ਉਭਾਰਨ ਦਾ ਸੰਦ ਬਣਦੀਆਂ ਹਨ। ਇਸ ਅਮਲ ਅੰਦਰ ਸਰਕਾਰੀ ਏਜੰਸੀਆਂ ਦੀ ਸਿੱਧੀ ਤੇ ਅਸਿੱਧੀ (Remote) ਸ਼ਮੂਲੀਅਤ ਦੀ ਸੰਭਾਵਨਾ ਨੂੰ ਵੀ ਮੂਲੋਂ ਈ ਰੱਦ ਨਹੀਂ ਕੀਤਾ ਜਾ ਸਕਦਾ। ਪਰ ਖਾੜਕੂ ਇਸ ਦੋਸ਼ ਲਈ ਸਿੱਧੀ ਜੁੰਮੇਵਾਰੀ ਤੋਂ ਕਿਵੇਂ ਵੀ ਨਹੀਂ ਬਚਦੇ। ਆਪਣੇ ਇਸ ਗਲਤ ਅਮਲ ਈ ਉਹ ਸੰਤ ਭਿੰਡਰਾਂਵਾਲਿਆਂ ਵੱਲੋਂ ਕਹੇ ਕੁੱਝ ਗਲਤ ਕਥਨਾਂ ਦਾ ਸਹਾਰਾ ਵੀ ਲੈਂਦੇ ਹਨ ਜਿਵੇਂ ਕਿ "ਜਦੋਂ ਦਰਬਾਰ ਸਾਹਿਬ 'ਤੇ ਹਮਲਾ ਹੋਇਆ ਤਾਂ ਇੱਧਰ ਭੱਜਣ ਦੀ ਥਾਂ ਆਪਣੇ ਆਲੇ ਦੁਆਲੇ ਲੱਲੀ ਰਾਮ ਤੇ ਡੱਲੀ ਰਾਮ ਹੁਰਾਂ ਨੂੰ ਹੀ ਸੋਧ ਦਿਓ।"

ਖਾੜਕੂਆਂ ਦੀ ਇਸ ਗਲਤ ਤੇ ਫਿਰਕੂ ਬਿਰਤੀ ਦੀ ਬੇਲਿਹਾਜ ਪੜਚੋਲ ਕਰਨ ਦੀ ਥਾਂ ਬੁਲਾਰਿਆਂ ਵਲੋਂ ਖਾਸ ਕਰਕੇ ਭਾਸਕਰ ਨੰਦੀ ਦੇ ਚੇਲਿਆਂ ਤੇ ਭਾਰਤਮੁਕਤੀ ਮੋਰਚੇ ਵਾਲਿਆਂ ਵਲੋਂ ਇਹ ਸਮਝ ਉਭਾਰੀ ਗਈ ਕਿ ਇਹ ਸਾਰਾ ਕੁੱਝ ਤਾਂ ਕਾਂਗਰਸ ਹੀ ਆਪਣੇ ਏਜੰਟਾਂ ਤੋਂ ਕਰਵਾ ਰਹੀ ਹੈ। ਜਦੋਂ ਸਰਕਾਰ ਨੂੰ ਲੱਗਦਾ ਹੈ ਕਿ ਉਹ ਖੁੱਦ ਬੇਪੜ੍ਹਦ ਨਾ ਹੋ ਜਾਵੇ ਤਾਂ ਉਹ ਖੁਦ ਆਪਣੇ ਹੀ ਏਜੰਟਾਂ ਨੂੰ ਕਤਲ ਕਰ ਦਿੰਦੀ ਹੈ। ਹੈ ਨਾਂ ਕਮਾਲ ਦਾ ਢੰਗ, ਸਾਰੇ ਖਾੜਕੂਆਂ ਨੂੰ ਸਰਕਾਰੀ ਏਜੰਟ ਸਾਬਤ ਕਰਨ ਦਾ। ਕੁੱਝ ਤਾਂ ਖਾੜਕੂ ਆਪਣੇ ਅਜਿਹੇ ਗਲਤ ਅਮਲਾਂ ਕਰਕੇ ਹੀ ਲੋਕਾਂ ਦੇ ਮਨਾਂ ਤੋਂ ਲਹਿ ਰਹੇ ਹਨ ਦੂਜਾ ਜੇ ਉਹਨਾਂ ਖਿਲਾਫ਼ ਇਹ ਪਰਚਾਰ ਵਿੱਢ ਦਿੱਤਾ ਜਾਵੇ ਤਾਂ ਭਲਾ ਕੀ ਹੋਵੇਗਾ? ਇਹ ਅੱਤਵਾਦੀਆਂ ਨੂੰ "ਅਲੱਗ ਥਲੱਗ" ਕਰਨ ਦੀ ਕਾਂਗਰਸੀ ਖੇਡ ਦਾ ਹੀ ਦੂਜਾ ਪਾਸਾ ਬਣ ਜਾਂਦਾ ਹੈ। ਅਜਿਹੇ ਲੋਕ, ਜਿਹੜੇ ਖਾੜਕੂ ਸਿੱਖਾਂ ਦੀਆਂ ਅਜਿਹੀਆਂ ਘਟੀਆ ਕਾਰ-

ਵਾਈਆਂ ਬਾਰੇ ਡਰਦੇ ਮਾਰੇ ਬੋਲਦੇ ਨਹੀਂ ਅਤੇ ਚਾਹੁੰਦੇ ਹਨ ਕਿ ਇਹ ਕਿਸੇ ਹੋਰ ਦੇ ਨਾਂ ਲੱਗ ਜਾਣ, ਉਪਰੋਕਤ ਕਿਸਮ ਦੇ ਗੁੰਮਰਾਹੀ ਪਰਚਾਰ ਦੇ ਅੜਿੱਕੇ ਛੇਤੀ ਹੀ ਚੜ੍ਹ ਜਾਂਦੇ ਹਨ।

ਏਕਤਾ ਅਖੰਡਤਾ ਬਨਾਮ ਵੱਖਵਾਦ

ਕਾਨਫਰੰਸ ਅੰਦਰ ਦਿੱਲੀ ਦਰਬਾਰ ਦੀ ਇਸ ਸ਼ਬਦਾਬਲੀ ਦਾ ਵੀ ਖੂਬ ਗੁੱਡਾ ਬਨ੍ਹਿਆ ਗਿਆ ਵਾਰ ਵਾਰ ਇਹ ਕਿਹਾ ਗਿਆ ਕਿ ਪੰਜਾਬ ਦੇ ਲੋਕ ਵੱਖਵਾਦੀ ਨਹੀਂ ਹਨ ਸਗੋਂ ਏਕਤਾ ਅਖੰਡਤਾ ਦੇ ਮੁਦੱਈ ਹਨ। ਸਾਨੂੰ ਇਹ ਗੱਲ ਸਪੱਸ਼ਟ ਹੋਣੀ ਚਾਹੀਦੀ ਹੈ ਕਿ ਉਪਰੋਕਤ ਸ਼ਬਦਾਵਲੀ ਲੁਟੇਰੇ ਦਿੱਲੀ ਹਾਕਮਾਂ ਦੀ ਘਾੜਤ ਹੈ। ਇਸ ਰਾਹੀਂ ਉਨ੍ਹਾਂ ਨੇ ਕੌਮਾਂ ਦੇ ਇਕ ਬਹੁਤ ਹੀ ਪਵਿੱਤਰ ਤੇ ਵਿਵਾਦ ਰਹਿਤ ਹੱਕ "ਆਪਾ ਨਿਰਣੇ ਦੇ ਹੱਕ" ਨੂੰ ਜਿਹੜਾ ਯੂ.ਐਨ.ਓ. ਦੇ ਚਾਰਟਰ 'ਚ ਵੀ ਦਰਜ ਹੈ, ਨੂੰ ਬਹੁਤ ਹੀ ਵੱਡਾ ਪਾਪ ਤੇ ਅਪਰਾਧੀ "ਵੱਖਵਾਦ" ਵਜੋਂ ਘੋਸ਼ਿਤ ਕੀਤਾ ਹੋਇਆ ਹੈ। ਭਾਰਤ ਅੰਦਰ ਵਸਦੀਆਂ ਦਰਜਨਾਂ ਹੀ ਕੌਮਾਂ ਦੇ ਇਸ ਹੱਕ ਨੂੰ ਕੁਚਲਣ ਵਾਲੀ ਸੋਚ ਤੇ ਪ੍ਰਬੰਧ ਨੂੰ "ਏਕਤਾ 'ਤੇ ਅਖੰਡਤਾ" ਦੇ ਨਾਂਓ ਹੇਠ ਸਿਰੇ ਦੀ ਹੱਦ ਤੱਕ ਪਵਿੱਤਰ ਹੋਣ ਵਜੋਂ ਉਭਾਰਿਆ ਜਾ ਰਿਹਾ ਹੈ। ਭਾਰਤ ਮੁਕਤੀ ਮੋਰਚਾ ਤੇ ਭਾਸਕਰਨੰਦੀ ਐਂਡ ਕੰਪਨੀ ਇਸ ਕੰਮ ਲਈ ਕੇਂਦਰੀ ਹਾਕਮਾਂ ਦੇ ਬਿਨਤਨਖਾਹੀਏ ਵਕੀਲਾਂ ਵਜੋਂ ਦਲੀਲਬਾਜ਼ੀ ਕਰਦੇ ਤੇ ਕਿੰਨੇ ਹੀ ਹੋਰ ਉਹਨਾਂ ਦੀ ਸ਼ਾਹਦੀ ਭਰਦੇ ਵੇਖੇ ਗਏ।

ਅਸੀਂ ਇਹਨਾਂ ਭੱਦਰ ਪੁਰਸ਼ਾਂ ਨੂੰ ਪੁੱਛਣਾ ਚਾਹੁੰਦੇ ਹਾਂ ਕਿ ਕੌਮਾਂ ਦੇ ਆਪਾਨਿਰਣੇ ਦੇ ਹੱਕ ਦਾ ਅਰਥ ਭਾਰਤੀ ਹਾਕਮਾਂ ਲਈ ਤਾਂ "ਵੱਖਵਾਦ" ਹੀ ਬਣਦਾ ਹੈ ਜਿਸ ਦੀਆਂ ਤੁਸੀਂ ਵਾਰ-ਵਾਰ ਸਫਾਈਆਂ ਦੇ ਰਹੇ ਹੋ ਕਿ ਨਾਂ ਹੀ ਅਸੀਂ ਤੇ ਨਾ ਹੀ ਲੋਕ ਐਉਂ ਕਰਦੇ ਨੇ। ਫਿਰ ਤੁਸੀਂ ਆਪ ਹੀ ਸੋਚੋ ਕਿ ਤੁਸੀਂ ਮਨੁੱਖੀ ਹੱਕਾਂ ਦੀ ਰਾਖੀ ਦੇ ਕਿਹੋ ਜਿਹੇ ਪਹਿਰੇਦਾਰ ਹੋਏ ? ਤੇ ਇਹ ਕਾਂਗਰਸੀ ਹਾਕਮਾਂ ਦੇ ਅਨੁਸਾਰੀ ਖੇਡ ਖੇਡਣ ਤੋਂ ਬਿਨਾਂ ਭਲਾ ਹੋਰ ਕੀ ਹੈ ?

ਸ਼ਾਂਤੀ ਦਾ ਮਸਲਾ

ਭਾਰਤ ਮੁਕਤੀ ਮੋਰਚੇ ਅਤੇ ਕੁਝ ਹੋਰ ਬੁਲਾਰਿਆਂ ਨੇ ਇਹ ਗੱਲ ਜ਼ੋਰ ਨਾਲ ਉਭਾਰੀ ਕਿ ਸਾਨੂੰ ਮੌਜੂਦਾ ਸੰਘਰਸ਼ ਤੋਂ ਪਹਿਲਾਂ ਦੀ ਪੰਜਾਬ ਅੰਦਰਲੀ ਸ਼ਾਂਤੀ ਨੂੰ ਮੁੜ ਸਥਾਪਤ ਕਰਵਾਉਣ ਲਈ ਜ਼ੋਰ ਮਾਰਨਾ ਚਾਹੀਦਾ ਹੈ। 1984 ਤੋਂ ਪਹਿਲਾਂ ਦੀ ਸ਼ਾਂਤੀ ਪੰਜਾਬ ਦੀ ਲੁੱਟ-ਖਸੁੱਟ ਅਤੇ ਸਿੱਖ ਭਾਈਚਾਰੇ ਨਾਲ ਧੱਕੇ ਤੇ ਵਿਤਕਰੇ 'ਤੇ ਅਧਾਰਤ ਸ਼ਾਂਤੀ ਸੀ। ਅਜਿਹੀ ਸ਼ਾਂਤੀ ਸਥਾਪਤ ਕਰਨ ਦਾ ਅਰਥ ਕੀ ਹੈ ? ਇਹ ਸ਼ਾਂਤੀ ਹਾਕਮਾਂ ਦੀ ਸ਼ਾਂਤੀ ਹੈ ਅਤੇ ਅਜਿਹੀ ਸ਼ਾਂਤੀ ਨੂੰ ਹੀ ਸਥਾਪਤ ਕਰਨ ਲਈ ਉਹ ਮੌਜੂਦਾ ਲੁੱਟ-ਖਸੁੱਟ ਅਤੇ ਧੱਕੇ-ਵਿਤਕਰੇ 'ਤੇ ਅਧਾਰਤ ਸਮਾਜ ਤੋਂ ਬਾਗੀ ਹੋ ਰਹੇ ਨੌਜਵਾਨਾਂ ਨੂੰ ਗੋਲੀਆਂ ਨਾਲ ਸ਼ਾਂਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਅਸੀਂ ਹਾਕਮਾਂ ਦੀ ਸ਼ਾਂਤੀ ਨਾਲੋਂ ਬਿਲਕੁੱਲ ਵੱਖਰੀ ਕਿਸਮ ਦੀ ਸ਼ਾਂਤੀ ਚਾਹੁੰਦੇ ਹਾਂ। ਸਾਡੀ ਸ਼ਾਂਤੀ ਪੰਜਾਬ ਦੀ ਖੁੱਦ-ਮੁਖਤਿਆਰੀ ਅਤੇ ਕਿਸੇ ਵੀ ਧਾਰਮਿਕ ਘੱਟ-ਗਿਣਤੀ ਨਾਲ ਧੱਕੇ ਤੇ ਵਿਤਕਰੇ ਤੋਂ ਮੁਕਤੀ ਦੇ ਅਧਾਰ 'ਤੇ ਸ਼ਾਂਤੀ ਹੋਵੇਗੀ। ਇਸ ਤੋਂ ਵੱਖਰੀ ਹੋਰ ਕਿਸੇ ਵੀ ਕਿਸਮ ਦੀ ਸ਼ਾਂਤੀ ਦੀ ਮੰਗ ਹਾਕਮਾਂ ਦੇ ਪੈਂਤੜੇ ਤੋਂ ਹੀ ਕੀਤੀ ਗਈ ਮੰਗ ਹੋਵੇਗੀ। ਅਤੇ ਉਹ ਸ਼ਾਂਤੀ ਸਥਾਈ ਤੌਰ 'ਤੇ ਨਾ ਪੰਜਾਬ ਦਾ ਕੁੱਝ ਸਵਾਰ ਸਕੇਗੀ ਨਾ ਹੀ ਸਿੱਖ ਭਾਈਚਾਰੇ ਦਾ।

ਸੋ ਕੁੱਲ ਮਿਲਾਕੇ ਕਹਿਣਾ ਹੋਵੇ ਤਾਂ ਚੰਡੀਗੜ੍ਹ ਕਨਵੈਨਸ਼ਨ ਹਕੂਮਤੀ ਜਬਰ ਖਿਲਾਫ ਲੜਾਈ ਦਾ ਕੋਈ ਠੋਸ ਕਦਮ ਨਹੀਂ ਲੈ ਸਕੀ। ਸਗੋਂ ਉਲਟਾ ਪੰਜਾਬ ਦੇ ਹੱਕੀ ਸੰਘਰਸ਼ ਦੌਰਾਨ ਉਭਰੇ ਵੱਖ-ਵੱਖ ਸਿਆਸੀ ਵਰਤਾਰਿਆਂ ਬਾਰੇ ਬੇਹੱਦ ਨਾਕਸ ਤੇ ਗਲਤ ਸਮਝ ਪਰਚਾਰਨ ਪ੍ਰਸਾਰਨ ਕਰਕੇ ਘੁਚਲਚੌਂਦ ਪੈਦਾ ਕਰਨ ਦਾ ਸੰਦ ਹੋ ਨਿੱਬੜੀ ਹੈ। ਐਉਂ ਲੱਗਦਾ ਸੀ ਜਿਵੇਂ ਕਿ ਵੱਖ-ਵੱਖ ਸਿਆਸੀ ਲੀਡਰਾਂ ਨੂੰ ਹਕੂਮਤੀ ਜਬਰ ਦੀ ਥਾਂ ਆ ਰਹੀਆਂ ਚੋਣਾਂ ਲਈ ਪੈਂਤੜਾ ਉਭਾਰਨ ਤੇ ਪੈਰ ਧਰਾ ਕਰਨ ਦੀ ਵੱਧ ਫਿਕਰ ਹੋਵੇ। ਇਸੇ ਲਈ ਵੱਖ-ਵੱਖ ਰੂਪਾਂ 'ਚ ਇਹ ਸੁਰ ਵੀ ਉਭਰਦੀ ਰਹੀ ਕਿ "ਜਦ ਤੱਕ ਰਾਜੀਵ ਗਾਂਧੀ ਗੱਦੀ 'ਤੇ ਹੈ, ਸਿੱਖਾਂ ਨਾਲ ਇਨਸਾਫ਼ ਨੀ ਹੋ ਸਕਦਾ।"

ਪੰਜਾਬੀ ਹਿੰਦੂ ਵੀਰਾਂ ਦਾ ਹਾਂ ਪੱਖੀ ਕਦਮ

—ਹਰਚਰਨ ਬੈਂਸ

ਆਖਿਰਕਾਰ ਪੰਜਾਬ ਦੀ ਫਿਜ਼ਾ ਵਿਚ ਕੋਈ ਮਹਿਕ ਭਰੀ ਹਵਾ ਦਾ ਝੌਂਕਾ ਚਲਿਆ ਹੈ ।

ਫਿਰਕੂ ਜ਼ਹਿਰ ਨਾਲ ਭਰੀਆਂ ਹਨੇਰੀਆਂ ਐਨੀ ਜ਼ੋਰ ਨਾਲ ਚੱਲ ਰਹੀਆਂ ਹਨ, ਨਫ਼ਰਤ ਦਾ ਝੱਖੜ ਐਨਾ ਕਾਲਾ ਬੋਲਾ ਹੈ ਕਿ ਮਹਿਕ ਦਾ ਇਹ ਹਲਕਾ ਜਿਹਾ ਝੌਂਕਾ ਅਜੇ ਇਕ ਸਹਿਮੀ ਜਹੀ ਆਸ ਤੋਂ ਜ਼ਿਆਦਾ ਵਜੂਦ ਨਹੀਂ ਬਣਾ ਸਕਿਆ । ਪਰ ਜ਼ਹਿਰੀ ਝੱਖੜ ਦੇ ਸਾਹਮਣੇ ਉੱਠ ਕੇ ਖਲੋਣ ਵਾਲੀ ਇਹ ਮਹਿਕ ਹੋ ਸਕਦਾ ਹੈ ਕਿ ਫਿਜ਼ਾ ਨੂੰ ਸਾਫ ਕਰ ਜਾਏ ਠੀਕ ਉਸੇ ਤਰ੍ਹਾਂ ਜਿਵੇਂ ਕਈ ਵਾਰ ਹਲਕੀ ਜਿਹੀ ਪੱਛੋਂ ਦੀ ਹਵਾ ਗਰਜਦੇ ਘਨੀਅਰਾਂ ਨੂੰ ਹੂੰਜ ਕੇ ਅਸਮਾਨ ਨੂੰ ਸਾਫ ਕਰ ਜਾਂਦੀ ਹੈ । ਨੰਨ੍ਹੀਆਂ ਆਸਾ ਕਈ ਵਾਰ ਪ੍ਰਜਵਲਿਤ ਹੋ ਉੱਠਣ ਤਾਂ ਇਤਿਹਾਸ ਨੂੰ ਬਦਲਣ ਵਾਲੇ ਇਰਾਦਿਆਂ ਵਿਚ ਬਦਲ ਜਾਂਦੀਆਂ ਨੇ । ਅਤੇ ਮਨੁੱਖੀ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਹਰ ਨਵੀਂ ਲਹਿਰ ਦੀ ਸ਼ੁਰੂਆਤ ਕਿਸੇ ਨਾ ਕਿਸੇ ਨਿਮਾਣੇ ਦਿਲ ਵਿਚ ਉੱਠੀ ਸਹਿਮੀ ਜਿਹੀ ਆਸ ਤੋਂ ਹੀ ਸ਼ੁਰੂ ਹੁੰਦੀ ਹੈ । ਲੈਨਿਨ ਹੋਏ ਜਾਂ ਮਾਉ ਜ਼ੇ ਤੁੰਗ ਨੈਪੋਲੀਅਨ ਬੋਨਾਪਾਰਟ ਹੋਏ ਜਾਂ ਅਬਰਾਹਮਲਿੰਕਨ, ਕਬੀਰ ਹੋਏ ਜਾਂ ਬਾਬਾ ਨਾਨਕ—ਇਤਿਹਾਸ ਦੇ ਮੀਲ ਪੱਥਰ ਅਜਿਹੇ ਵਿਅੱਕਤੀਆਂ ਦੀ ਸੁਪਨੇ ਲੈਣ ਦੀ ਜੁਰਅਤ ਨੇ ਹੀ ਗੱਡੇ ਹਨ । ਧਨੀ ਰਾਮ ਚਾਤ੍ਰਿਕ ਨੇ ਕਿਤੇ ਇਹੀ ਗੱਲ ਇਕ ਛੋਟੀ ਜਿਹੀ ਬਦਲੀ ਵਲੋਂ ਰੇਗਸਤਾਨੀ ਥਲਾਂ ਨਾਲ ਲੜਨ ਦੀ ਹਿੰਮਤ ਪੈਦਾ ਕਰਨ ਨਾਲ ਤੁਲਨਾ ਕਰਕੇ ਕੀਤੀ ਹੈ :—

ਤੱਤੀ ਰੇਤ ਥਲਾਂ ਦੇ ਵੱਟੇ,
ਮੇਰੇ ਦੰਦ ਕਰਨਗੇ ਖੱਟੇ ।

ਪਰ ਆਖਿਰ ਉਸੇ ਨੰਨ੍ਹੀ ਬੱਦਲੀ ਵਿਚੋਂ ਨਿਕਲਿਆ ਇਕ ਕਤਰਾ ਤਪਦੇ ਥਲਾਂ ਨੂੰ ਠੰਢਾ ਕਰਦਾ ਹੈ । ਇਕ ਅਜਿਹਾ ਹੀ ਕਤਰਾ, ਅਜਿਹੀ ਹੀ ਛੋਟੀ ਜਿਹੀ ਬਦਲੀ ਪੰਜਾਬ ਦੇ ਤਪਦੇ ਜਿਸਮ ਨੂੰ ਠੰਢਕ ਪਹੁੰਚਾਉਣ ਲਈ ਉੱਠੀ ਜਾਪਦੀ ਹੈ ।

ਸਿੱਧੀ ਜ਼ਿੰਮੇਵਾਰੀ

ਪਿਛਲੇ ਦਿਨੀਂ ਅਖਬਾਰਾਂ ਵਿਚ ਖਬਰਾਂ ਪੜ੍ਹਨ ਨੂੰ ਆਈਆਂ ਕਿ ਪੰਜਾਬ ਦੇ ਹਿੰਦੂ ਵੀਰਾਂ ਨੇ ਇਕ ਨਵੀਂ ਰਾਜਸੀ ਜਥੇਬੰਦੀ ਬਣਾਈ ਹੈ, ਜਿਸ ਦੇ ਟੀਚੇ ਕੁਝ ਇਸ ਤਰ੍ਹਾਂ ਦੇ ਨੇ ਕਿ ਪਹਿਲਾਂ ਤਾਂ ਪੜ੍ਹ ਕੇ ਇਹ ਯਕੀਨ ਹੀ ਨਹੀਂ ਆਇਆ ਕਿ ਇਕ ਅਜਿਹੀ ਜਥੇਬੰਦੀ, ਜੋ ਆਪਣੇ-ਆਪ ਨੂੰ ਇਕ ਫਿਰਕੇ ਨਾਲ ਸਬੰਧਤ ਦੱਸਦੀ ਹੈ ਕੁਝ ਅਜਿਹੀਆਂ ਮੰਗਾਂ ਕਰ ਸਕਦੀ ਹੈ ਜਿਨ੍ਹਾਂ ਦਾ ਸਬੰਧ ਫਿਰਕੇ ਨਾਲ ਨਾ ਹੋ ਕੇ ਕੁਲ ਪੰਜਾਬ ਨਾਲ ਹੈ । ਵੈਸੇ, ਆਦੀ ਹੋ ਗਏ ਹਾਂ ਆਪਾਂ ਸ਼ਿਵ ਸੈਨਾ ਵਗੈਰਾ ਜਥੇਬੰਦੀਆਂ ਬਾਰੇ ਸੁਨਣ ਦੇ । ਪਰ ਇਹ ਨਵੀਂ ਜਥੇਬੰਦੀ ਜਿਸ ਬਾਰੇ ਅਖਬਾਰਾਂ ਵਿਚ ਪੜ੍ਹਨ ਨੂੰ ਮਿਲਿਆ, ਮੌਜੂਦਾ ਹਾਲਾਤ ਵਿਚ ਨਾ ਵਹਿ ਕੇ ਇਸ ਹਾਲਾਤ ਨੂੰ ਬਦਲਣ ਲਈ ਉੱਦਮ ਕਰਦੀ ਨਜ਼ਰ ਆਈ ਹੈ ।

ਇਹ ਜਥੇਬੰਦੀ ਜੋ ਆਪਣੇ-ਆਪ ਨੂੰ ਦੇਸ਼ ਪੰਜਾਬ ਨਿਆਏ ਫਰੰਟ ਦੱਸਦੀ ਹੈ, ਪੰਜਾਬ ਦੀ ਸਮੱਸਿਆ ਦੀ ਸਿੱਧੀ ਜ਼ਿੰਮੇਵਾਰੀ ਕੇਂਦਰ ਵਿਚ ਸੱਤਾਧਾਰੀ ਪਾਰਟੀ ਉੱਤੇ ਪਾਉਂਦੀ ਹੈ । ਇਕ ਅੰਗਰੇਜ਼ੀ ਅਖਬਾਰ ਵਿਚ ਇਸ ਸੰਗਠਨ ਦਾ ਪੂਰਾ ਬਿਆਨ ਛਪਿਆ ਹੈ । ਇਸ ਜਥੇਬੰਦੀ ਨੇ, ਜੋ ਇਹ ਵੀ ਕਹਿੰਦੀ ਹੈ ਕਿ ਉਹ ਨਿਰੋਲ ਪੰਜਾਬੀ ਹਿੰਦੂਆਂ ਦੀ ਪਾਰਟੀ ਹੈ, ਜੋ ਟੀਚੇ ਅਤੇ ਮੰਤਵ ਦੱਸੇ ਹਨ, ਉਹ ਅੱਜ ਕੱਲ ਦੇ ਮਾਹੌਲ ਵਿਚ ਦਿਲਚਸਪ ਵੀ ਨਜ਼ਰ ਆਉਂਦੇ ਹਨ ਅਤੇ ਨਵੇਂ ਵੀ । ਇਸ ਫਰੰਟ, ਜਿਸ ਦੇ ਪ੍ਰਧਾਨ ਸ੍ਰੀ ਅਸ਼ੋਕ ਪ੍ਰਭਾਕਰ ਹਨ, ਦੀਆਂ ਮੰਗਾਂ ਉੱਤੇ ਪਹਿਲਾਂ ਇਕ ਨਜ਼ਰ ਮਾਰ ਲਈਏ, ਫਿਰ ਇਹ ਦੇਖਾਂਗੇ ਕਿ ਕੀ ਇਹ ਵਾਕਈ ਇਕ ਨਵੀਂ ਮਹਿਕ ਵੱਲ ਨੂੰ ਸੰਕੇਤ ਕਰਦੀ ਹੈ ਅਤੇ ਕੀ ਇਸ ਮਹਿਕ ਨੂੰ ਖਿਲਾਰਨ 'ਚ ਇਹ ਕਾਮਯਾਬ ਹੋ ਸਕੇਗੀ ਕਿ ਨਹੀਂ ? ਅੰਗਰੇਜ਼ੀ ਅਖਬਾਰ ਵਿਚ ਛਪੇ ਇਹਨਾਂ ਦੇ ਪ੍ਰਧਾਨ ਦੇ ਬਿਆਨ ਅਨੁਸਾਰ ਇਨ੍ਹਾਂ ਦੀਆਂ ਮੰਗਾਂ ਅਤੇ ਟੀਚੇ ਇਸ ਤਰ੍ਹਾਂ ਹਨ :—

ਬਾਰ੍ਹਾਂ ਨੁਕਤੇ

1. ਪੰਜਾਬ ਅਤੇ ਬਾਕੀ ਦੇਸ਼ ਵਿਚ ਫਿਰਕਾਪ੍ਰਸਤੀ ਉੱਤੇ ਅਧਾਰਤ ਹਿੰਸਾ ਦਾ ਖਾਤਮਾ ਫੌਰੀ ਤੌਰ 'ਤੇ ਬੰਦ ਕਰਨ ਦੀ ਜ਼ਰੂਰਤ ਹੈ ।

2. ਪੰਜਾਬ ਸਮੱਸਿਆ ਸ੍ਰੀਮਤੀ ਇੰਦਰਾ ਗਾਂਧੀ ਵਲੋਂ ਅਪਨਾਈ ਗਈ ਫਿਰਕੂ ਨੀਤੀ ਦਾ ਨਤੀਜਾ ਹੈ । ਉਸ ਦੇ ਸਪੁੱਤਰ ਸ੍ਰੀ ਰਾਜੀਵ ਗਾਂਧੀ ਨੇ ਆਪਣੀ ਮਾਤਾ ਦੀਆਂ ਨੀਤੀਆਂ ਨੂੰ ਇਨ-ਬਿਨ ਅਪਨਾਇਆ ਹੈ ਅਤੇ ਪੰਜਾਬ ਦਾ ਪੱਤਾ ਖੇਲ ਕੇ ਪਿਛਲੀਆਂ ਚੋਣਾਂ ਵੀ ਜਿੱਤੀਆਂ ਅਤੇ ਇਸ ਵਾਰ ਵੀ ਇਸੇ ਪੱਤੇ ਨੂੰ ਖੇਡਣ ਦੀਆਂ ਤਿਆਰੀਆਂ ਹੋ ਰਹੀਆਂ ਹਨ ।

3. ਆਨੰਦਪੁਰ ਸਾਹਿਬ ਦੇ ਮਤੇ ਉੱਤੇ ਕੌਮੀ ਪੱਧਰ ਉੱਤੇ ਬਹਿਸ ਕਰਵਾਈ ਜਾਏ ਤਾਂ ਜੋ ਇਸ ਬਾਰੇ ਪਾਏ ਗਏ ਭੁਲੇਖਿਆਂ ਨੂੰ ਦੂਰ ਕੀਤਾ ਜਾ ਸਕੇ। ਜੇ ਇਹ ਮਤਾ ਵਾਕਈ ਦੇਸ਼ ਵਿਰੋਧੀ ਹੈ ਤਾਂ ਪ੍ਰਧਾਨ ਮੰਤਰੀ ਇਸ ਦੀਆਂ ਉਹਨਾਂ ਧਾਰਾਵਾਂ ਬਾਰੇ ਸਪੱਸ਼ਟ ਬਿਆਨੀ ਕਰਨ, ਜੋ ਉਨ੍ਹਾਂ ਦੇ ਖਿਆਲ ਵਿਚ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ।

4. ਚੰਡੀਗੜ੍ਹ ਅਤੇ ਬਾਕੀ ਪੰਜਾਬੀ ਬੋਲਦੇ ਇਲਾਕੇ ਫੌਰੀ ਤੌਰ 'ਤੇ ਪੰਜਾਬ ਦੇ ਹਵਾਲੇ ਕੀਤੇ ਜਾਣ।

5. ਪੰਜਾਬੀ ਬੋਲੀ ਨੂੰ ਹਰਿਆਣਾ, ਹਿਮਾਚਲ, ਦਿੱਲੀ ਅਤੇ ਰਾਜਿਸਥਾਨ ਵਿਚ ਦੂਜੀ ਬੋਲੀ ਦਾ ਦਰਜਾ ਦਿੱਤਾ ਜਾਏ। ਸ੍ਰੀ ਦੇਵੀ ਲਾਲ ਜੋ ਹਰ ਰੋਜ਼ ਪੰਜਾਬ ਸਮੱਸਿਆ ਬਾਰੇ ਬਿਆਨਬਾਜ਼ੀ ਕਰਦੇ ਰਹਿੰਦੇ ਹਨ, ਸਦਭਾਵਨਾ ਦੇ ਪਹਿਲੇ ਕਦਮ ਦੇ ਤੌਰ 'ਤੇ ਆਪਣੇ ਸੂਬੇ ਵਿਚ ਪੰਜਾਬੀ ਨੂੰ ਬਾ-ਇੱਜ਼ਤ ਮੁਕਾਮ ਦੇਣ।

6. ਪੰਜਾਬ ਵਿਚ ਝੂਠੇ ਪੁਲਿਸ ਮੁਕਾਬਲੇ ਬੰਦ ਕੀਤੇ ਜਾਣ ਅਤੇ ਸਾਰੇ ਕਾਲੇ ਕਾਨੂੰਨ ਵਾਪਿਸ ਲਏ ਜਾਣ ਕਿਉਂਕਿ ਇਹ ਸਾਰੀਆਂ ਗੱਲਾਂ ਪੰਜਾਬੀ ਹਿੰਦੂਆਂ ਅਤੇ ਸਿੱਖਾਂ ਵਿਚ ਆਪਸੀ ਨਫ਼ਰਤ ਪੈਦਾ ਕਰਦੀਆਂ ਹਨ।

7. ਜਲੰਧਰ ਦੀ ਪ੍ਰੈੱਸ ਆਪਣੀ ਫ਼ਿਰਕੂ ਰੰਗਤ ਬਦਲ ਕੇ ਪੰਜਾਬ ਦੀਆਂ ਜਾਇਜ਼ ਮੰਗਾਂ ਦੀ ਮੁਕੰਮਲ ਹਮਾ-ਇਤ ਕਰੇ ਅਤੇ ਬਿਨਾਂ ਵਜ੍ਹਾ ਹਰ ਗੱਲ ਉੱਤੇ ਅਕਾਲੀਆਂ ਦਾ ਵਿਰੋਧ ਬੰਦ ਕਰੇ। ਜਿਥੇ ਅਕਾਲੀ ਗਲਤ ਹਨ,ਇਕ ਰਾਜਸੀ ਪਾਰਟੀ ਦੇ ਤੌਰ 'ਤੇ ਇਹਨਾਂ ਦੀ ਨੁਕਤਾਚੀਨੀ ਕਰਨੀ ਜਾਇਜ਼ ਹੈ ਪਰ ਅਕਾਲੀਆਂ ਦੇ ਵਿਰੋਧ ਨੂੰ ਹੀ ਸੰਪਾਦਕੀ ਨੀਤੀ ਬਣਾ ਕੇ ਸੂਬੇ ਵਿਚ ਹਿੰਦੂ-ਸਿਖਾਂ ਵਿਚ ਗਲਤ ਫਹਿਮੀਆਂ ਪਾਉਣਾ ਬੰਦ ਕੀਤਾ ਜਾਏ।

8. ਦਿੱਲੀ ਦੰਗਿਆਂ ਦੇ ਪੀੜਤ ਵਿਅੱਕਤੀਆਂ ਨੂੰ ਮੁਕੰਮਲ ਰਾਹਤ ਦਿੱਤੀ ਜਾਏ ਅਤੇ ਇਹਨਾਂ ਦੰਗਿਆਂ ਦੇ ਜ਼ਿੰਮੇਵਾਰ ਲੋਕਾਂ ਨੂੰ ਨੰਗਾ ਕਰਕੇ ਉਹਨਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ।

9. ਸਾਰੇ ਰਾਜਸੀ ਨੇਤਾ ਅਤੇ ਹੋਰ ਮਾਸੂਮ ਲੋਕ, ਜਿਨ੍ਹਾਂ ਨੂੰ ਜੇਲ੍ਹਾਂ ਵਿਚ ਡੱਕਿਆ ਹੋਇਆ ਹੈ, ਫੌਰਨ ਰਿਹਾਅ ਕੀਤੇ ਜਾਣ ਤਾਂ ਜੋ ਸੂਬੇ ਵਿਚ ਲੋਕਤੰਤਰ ਨੂੰ ਵਧਣ-ਫੁੱਲਣ ਦਾ ਮੌਕਾ ਮਿਲ ਸਕੇ।

10. ਸਰਦਾਰ ਸਿਮਰਨਜੀਤ ਸਿੰਘ ਮਾਨ ਵਿਰੁੱਧ ਦਾਇਰ ਮੁਕੱਦਮਾ ਵਾਪਿਸ ਲਿਆ ਜਾਵੇ ਕਿਉਂਕਿ ਛੜਯੰਤਰ ਦੀ ਕਹਾਣੀ ਬਿਲਕੁਲ ਮਨਘੜਤ ਅਤੇ ਰਾਜਨੀਤਿਕ ਚਾਲ ਦਾ ਹਿੱਸਾ ਹੈ।

11. ਪੰਜਾਬ ਫ਼ਰੰਟ ਦੇਸ਼ ਅੰਦਰ ਹਿੰਦੂ ਵੀਰਾਂ ਨੂੰ ਕੇਂਦਰ ਦੀਆਂ ਚਾਲਾਂ ਤੋਂ ਸੁਚੇਤ ਕਰਨ ਲਈ ਮੁਹਿੰਮ ਚਲਾਏਗਾ।

12. ਫ਼ਰੰਟ ਸਿੱਖ ਵੀਰਾਂ ਨੂੰ ਵੀ ਅਪੀਲ ਕਰਦਾ ਹੈ ਕਿ ਕੇਂਦਰ ਵਲੋਂ ਹਿੰਦੂ-ਸਿੱਖਾਂ ਵਿਚ ਪੈਦਾ ਕੀਤੀ ਨਫ਼ਰਤ ਨੂੰ ਜਾਰੀ ਰੱਖਣ ਵਿਚ ਕੇਂਦਰ ਦੀਆਂ ਚਾਲਾਂ ਦਾ ਸ਼ਿਕਾਰ ਨਾ ਹੋਣ ਬਲਕਿ ਇਹਨਾਂ ਚਾਲਾਂ ਨੂੰ ਨਾਕਾਮ ਕਰਨ ਵਿਚ ਉਹ ਆਪਣੇ ਹਿੰਦੂ ਵੀਰਾਂ ਦਾ ਸਾਥ ਦੇਣ।

ਕਿਰਦਾਰ

ਇਹ ਬਾਰਾਂ ਦੇ ਬਾਰਾਂ ਨੁਕਤੇ ਕੁੱਲ ਮਿਲਾ ਕੇ ਉਹੀ ਹਨ ਜੋ ਕਿ ਹਰ ਸਭਿਆ ਪੰਜਾਬੀ ਦੇ ਵਿਚਾਰਾਂ ਦੀ ਤਰਜ-ਮਾਨੀ ਕਰਦੇ ਹਨ। ਨਾ ਤਾਂ ਇਹ ਨੁਕਤੇ ਹਿੰਦੂ-ਪੱਖੀ ਹਨ ਨਾ ਸਿੱਖ ਵਿਰੋਧੀ, ਨਾ ਹੀ ਕਿਸੇ ਵੀ ਤਰ੍ਹਾਂ ਨਾਲ ਇਹ ਪੰਜਾਬੀ ਹਿੰਦੂਆਂ ਦੇ ਹਿੱਤਾਂ ਦੇ ਹੀ ਵਿਰੁੱਧ ਹਨ। ਪਾਣੀਆਂ ਦੇ ਮਸਲੇ ਉਤੇ ਇਨ੍ਹਾਂ ਦਾ ਸਟੈਂਡ ਉਹੀ ਹੀ ਹੈ ਜੋ ਹਰ ਉਸ ਵਿਅਕਤੀ ਦਾ ਹੋਣਾ ਚਾਹੀਦਾ ਹੈ ਜੋ ਕਿ ਆਪਣੇ ਸੂਬੇ ਦੀ ਮਿੱਟੀ ਨਾਲ ਪਿਆਰ ਕਰਦਾ ਹੈ।

ਜਲੰਧਰ ਪ੍ਰੈਸ ਦਾ ਕਿਰਦਾਰ ਕੁਝ ਅਜਿਹਾ ਰਿਹਾ ਹੈ ਕਿ ਹਿੰਦੂ-ਸਿੱਖਾਂ ਦੇ ਸਾਂਝੇ ਹਿੱਤ ਹੋਣ ਦੇ ਬਾਵਜੂਦ ਇਸ ਨੇ ਹਿੰਦੂ ਵੀਰਾਂ ਨੂੰ ਸਿੱਖਾਂ ਨਾਲੋਂ ਪਾੜ ਕੇ ਰੱਖਿਆ ਹੈ।

ਮੇਰਾ ਵਿਸ਼ਵਾਸ਼ ਹੈ ਕਿ ਪੰਜਾਬੀ ਹਿੰਦੂ ਵੀਰ ਜਲੰਧਰ ਦੀਆਂ ਅੰਨ੍ਹੀਆਂ ਗਲੀਆਂ ਵਿਚੋਂ ਵਿਕਦੇ ਝੂਠ ਦੇ ਸਵਾਦ ਉਤੇ ਕਾਬੂ ਪਾਕੇ ਦੇਸ਼ ਪੰਜਾਬ ਨਿਆਂਏ ਫਰੰਟ ਦੇ ਇਸ ਹੰਭਲੇ ਦਾ ਭਰਪੂਰ ਸੁਆਗਤ ਕਰਨਗੇ ਤੇ ਇਸ ਨਾਲ ਹਿੰਦੂਆਂ ਅਤੇ ਸਿੱਖਾਂ ਵਿਚ ਵਧਦਾ ਪਾੜਾ ਘੱਟ ਸਕੇਗਾ। ਫਿਰ ਪਿਆਰਾਂ ਦੇ ਮੁਹੱਬਤਾਂ ਦੇ, ਖੁਸ਼ੀਆਂ ਦੇ ਖੇੜਿਆਂ ਦੇ ਦਿਨ ਵਾਪਸ ਆ ਸਕਣਗੇ। ਮੈਨੂੰ ਇਹ ਵੀ ਵਿਸ਼ਵਾਸ ਹੈ ਕਿ ਪੰਜਾਬ ਵਿਚ ਅਤੇ ਪੰਜਾਬ ਤੋਂ ਬਾਹਰ ਵੀ ਸਾਡੇ ਅਣਗਿਣਤ ਖਾਮੋਸ਼ ਹਿੰਦੂ ਵੀਰ ਅਜਿਹੇ ਹਨ ਜੋ ਝੂਠ ਦੇ ਵਣਜਾਰਿਆਂ ਦੇ ਫੰਦੇ ਵਿਚ ਨਾ ਫਸੇ ਹਨ ਤੇ ਨਾ ਹੀ ਫਸਣਗੇ। ਦਿੱਲੀ ਦੇ ਦੰਗਿਆਂ ਦੀਆਂ ਰਿਪੋਰਟਾਂ ਤਿਆਰ ਕਰਨ ਵਾਲੇ, ਕਿਹਰ ਸਿੰਘ ਕੇਸ ਵਿਚ ਸਿੱਖ ਵੀਰਾਂ ਨਾਲ ਹਾਅ-ਦਾ-ਨਾਅਰਾ ਮਾਰਨ ਵਾਲੇ ਹਿੰਦੂ ਵੀਰ ਜਿਸ ਜਜ਼ਬੇ ਨਾਲ ਦੇਸ਼ ਵਿਚੋਂ ਫਿਰਕੂ ਕੁੜੱਤਣ ਨੂੰ ਦੂਰ ਕਰਨ ਲਈ ਉਠੇ ਸਨ, ਉਹੀ ਜਜ਼ਬਾ ਫਰੰਟ ਦੇ ਵਰਕਰਾਂ ਦਾ ਵੀ ਜਾਪਦਾ ਹੈ। ਮਹਿਕ ਦਾ ਇਹ ਇਕ ਕੋਮਲ ਅੰਕੁਰ ਹੈ। ਇਸ ਨੂੰ ਪਾਲਣ ਦੀ, ਇਸ ਦੀ ਪ੍ਰਵਰਿਸ਼ ਕਰਨ ਦੀ ਲੋੜ ਹੈ। ਅਤੇ ਅਜਿਹੇ ਹਰ ਅੰਕੁਰ ਨੂੰ ਇਕ ਮੁਕੰਮਲ ਬੂਟੇ ਵਿਚ ਬਦਲਣ ਦੀ ਜ਼ਿੰਮੇਵਾਰੀ ਸਹੀ ਸੋਚ ਵਾਲੇ ਸਿੱਖ ਵੀਰਾਂ ਦੀ ਵੀ ਉਨੀ ਹੀ ਹੈ ਜਿੰਨੀ ਕਿ ਹਿੰਦੂ ਵੀਰਾਂ ਦੀ।

ਝੂਠੇ ਪੁਲਸ ਮੁਕਾਬਲਿਆਂ ਨੂੰ ਬੰਦ ਕਰਵਾਉਣ ਦੇ ਨਾਂ ਹੇਠ

ਹਿੰਦੂਆਂ ਦਾ ਅਨ੍ਹੇਵਾਹ ਕਤਲੇ-ਆਮ ਇਕ ਆਤਮਘਾਤੀ ਕਦਮ

25 ਜੂਨ ਨੂੰ ਖਾਲਿਸਤਾਨੀਆਂ ਦੀ ਇਕ ਟੋਲੀ ਨੇ ਮੋਗੇ ਦੇ ਨਹਿਰੂ ਪਾਰਕ ਵਿਚ ਇਕੱਠੇ ਹੋਏ ਆਰ. ਐਸ.ਐਸ. ਦੇ ਕੁਝ ਵਲੰਟੀਅਰਾਂ 'ਤੇ ਅੰਨ੍ਹੇਵਾਹ ਗੋਲੀਆਂ ਦੀ ਵਾਛੜ ਕਰਕੇ 27 ਵਿਅਕਤੀਆਂ ਨੂੰ ਹਲਾਕ ਕਰ ਦਿੱਤਾ ਅਤੇ 23 ਹੋਰਨਾਂ ਨੂੰ ਗੰਭੀਰ ਰੂਪ ਵਿਚ ਜਖਮੀ ਕਰ ਦਿੱਤਾ ਹੈ। ਤਿੰਨ ਜਥੇਬੰਦੀਆਂ ਖਾਲਿਸਤਾਨ ਲਿਬਰੇਸ਼ਨ ਫੋਰਸ (ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਗਰੁੱਪ), ਖਾਲਿਸਤਾਨ ਕਮਾਂਡੋ ਫੋਰਸ (ਕੰਵਰਜੀਤ ਸਿੰਘ ਗਰੁੱਪ) ਅਤੇ ਬੱਬਰ ਖਾਲਸਾ ਦੇ ਨਾਮ 'ਤੇ ਸਾਂਝੇ ਤੌਰ 'ਤੇ ਲਈ ਗਈ ਜ਼ੁੰਮੇਵਾਰੀ ਵਿਚ ਕਿਹਾ ਗਿਆ ਹੈ ਕਿ ਇਹ ਕਤਲ ਚਰਨਜੀਤ ਸਿੰਘ ਚੰਨੀ ਨੂੰ ਝੂਠੇ ਪੁਲਸ ਮੁਕਾਬਲੇ ਵਿਚ ਮਾਰੇ ਜਾਣ ਦਾ ਬਦਲਾ ਲੈਣ 'ਵਜੋਂ' ਕੀਤੇ ਗਏ ਹਨ ਅਤੇ ਜੇ ਝੂਠੇ ਪੁਲਸ ਮੁਕਾਬਲੇ ਜਾਰੀ ਰਹੇ ਤਾਂ ਅਜਿਹੇ ਹੋਰ ਕਾਂਡ ਰਚਾਏ ਜਾਣਗੇ।

ਚਰਨਜੀਤ ਸਿੰਘ ਚੰਨੀ ਨੂੰ ਪੁਲਸ ਨੇ ਕੁਝ ਦਿਨ ਪਹਿਲਾਂ ਮੋਹਾਲੀ ਤੋਂ ਗਿਰਫਤਾਰ ਕਰਕੇ ਰੋਪੜ ਜਿਲੇ ਵਿਚ ਝੂਠਾ ਪੁਲਸ ਮੁਕਾਬਲਾ ਦਿਖਾਕੇ ਖਤਮ ਕਰ ਦਿੱਤਾ ਸੀ। ਚਰਨਜੀਤ ਸਿੰਘ ਚੰਨੀ ਨੂੰ ਜਿਹਨਾਂ ਨੇ ਗਿਰਫਤਾਰ ਕੀਤਾ, ਜਿਹਨਾਂ ਨੇ ਖਤਮ ਕੀਤਾ, ਜਿਹਨਾਂ ਨੇ ਉਸ ਦੀ ਲਾਸ਼ ਨੂੰ ਖੁਰਦ-ਬੁਰਦ ਕੀਤਾ, ਉਹਨਾਂ ਵਿਚੋਂ ਬਹੁਤਿਆਂ ਦੇ ਨਾਮ ਅਖਬਾਰਾਂ ਵਿਚ ਆ ਚੁੱਕੇ ਹਨ। ਪਰ ਉਹਨਾਂ ਵਲ ਮੂੰਹ ਕਰਨ ਦੀ ਥਾਂ ਕੁਝ ਅਜਿਹੇ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦੇਣਾ, ਜਿਹਨਾਂ ਦਾ ਚੰਨੀ ਦੇ ਕਤਲ ਨਾਲ ਕੋਈ ਦੂਰ ਦਾ ਵੀ ਵਾਸਤਾ ਨਹੀਂ ਹੈ, ਨਾਂ ਤਾਂ ਸਿੱਖ ਵਿਚਾਰਧਾਰਾ ਅਨੁਸਾਰ ਹੀ ਜਾਇਜ ਠਹਿਰਾਇਆ ਜਾ ਸਕਦਾ ਹੈ, ਨਾਂ ਹੀ ਪੰਜਾਬ ਦੀਆਂ ਇਤਿਹਾਸਕ ਰਵਾਇਤਾਂ ਅਨੁਸਾਰ ਅਤੇ ਨਾਂ ਹੀ ਬਹਾਦਰੀ ਦੇ ਕਿਸੇ ਅਧਾਰ 'ਤੇ। ਝੂਠੇ ਪੁਲਸ ਮੁਕਾਬਲਿਆਂ ਨੂੰ ਬੰਦ ਕਰਵਾਉਣ ਲਈ ਸਰਕਾਰ ਉਤੇ ਦਬਾਅ ਪਾਉਣ ਵਾਸਤੇ ਹਿੰਦੂਆਂ ਦੇ ਅੰਨੇਵਾਹ ਕਤਲ ਕਰਨ ਦੇ ਰਾਹ ਪੈਣ ਦਾ ਤਿੰਨਾ ਖਾਲਸਤਾਨੀ ਜਥੇਬੰਦੀਆਂ ਦੇ ਨਾਂ 'ਤੇ ਸਾਂਝਾ ਐਲਾਨ ਦਿੱਲੀ ਦਰਬਾਰ ਵਿਰੁੱਧ ਸੰਘਰਸ਼ ਕਰ ਰਹੇ ਲੋਕਾਂ ਲਈ ਸਿਆਸੀ ਤੌਰ'ਤੇ ਬੇਹੱਦ ਘਾਤਕ ਸਾਬਤ ਹੋਵੇਗਾ।

ਪਿਛਲੇ ਕੁਝ ਸਮੇਂ ਤੋਂ ਹਿੰਦੂ ਭਾਈਚਾਰੇ ਅੰਦਰਲੇ ਕੁਝ ਸੂਝਵਾਨ ਤਬਾ ਕੇ ਪੁਲਸੀ ਅਤਿਆਚਾਰ ਅਤੇ ਝੂਠੇ ਪੁਲਸ ਮੁਕਾਬਲਿਆਂ ਵਿਰੁੱਧ ਆਵਾਜ਼ ਉਠਾਉਣ ਲਈ ਜੋਰ ਨਾਲ ਅੱਗੇ ਆ ਰਹੇ ਸਨ। ਤਪਨ ਬੋਸ, ਰਾਮ ਨਰਾਇਣ ਕੁਮਾਰ ਅਤੇ ਅਸ਼ੋਕ ਕੁਮਾਰ- ਅਗਰਵਾਲ ਦੇ ਅਧਾਰ 'ਤੇ ਤਿੰਨ ਮੈਂਬਰੀ ਟੀਮ ਨੇ ਬਟਾਲੇ ਅੰਦਰ ਗੋਬਿੰਦ ਰਾਮ ਦੇ ਅਤਿਆਚਾਰਾਂ ਦਾ ਜਿੰਨੇ ਜ਼ੋਰਦਾਰ ਢੰਗ ਅਤੇ ਜਿੰਨੀ ਦਲੇਰੀ ਨਾਲ ਪਰਦਾਚਾਕ ਕੀਤਾ ਹੈ, ਉਨਾ ਪੰਜਾਬ ਅੰਦਰਲੀ ਕੋਈ ਵੀ ਜਥੇਬੰਦੀ, ਇਥੋਂ ਤਕ ਕਿ ਮਨੁੱਖੀ ਅਧਿਕਾਰ ਸੰਗਠਨ ਵੀ ਨਹੀਂ ਕਰ ਸਕਿਆ। ਸਿੱਖਾਂ ਦੇ ਹਿੱਤਾਂ ਦੀਆਂ ਦਾਅਵੇਦਾਰ ਅਖਵਾਉਣ ਵਾਲੀਆਂ ਸਿਆਸੀ ਪਾਰਟੀਆਂ ਤਾਂ ਗੋਬਿੰਦ ਰਾਮ ਵੱਲ ਮੂੰਹ ਵੀ ਨਹੀਂ ਕਰ ਸਕੀਆਂ। ਪੰਜਾਬ ਦੇ ਇਕ ਵੀ ਸਿੱਖ ਪੱਤਰਕਾਰ ਦਾ ਨਾਂਅ ਨਹੀਂ ਗਿਣਾਇਆ ਜਾ ਸਕਦਾ ਜਿਸ ਨੇ ਗੋਬਿੰਦ ਰਾਮ ਦੇ ਜ਼ੁਲਮਾਂ ਨੂੰ ਦੇਸ਼ ਭਰ ਦੇ ਲੋਕਾਂ ਸਾਹਮਣੇ ਉਸ ਜੁਅਰਤ ਨਾਲ ਪੇਸ਼ ਕੀਤਾ ਹੋਵੇ ਜਿਸ ਨਾਲ ਦਿਨੇਸ਼ ਕੁਮਾਰ (ਟਾਈਮਜ਼ ਆਫ਼ ਇੰਡੀਆ), ਰਮੇਸ਼ ਵਿਨਾ-ਇਕ (ਅੰਗਰੇਜ਼ੀ ਟ੍ਰਿਬਿਊਨ) ਸੁਰੇਂਦਰ ਅਵਸਥੀ (ਜਨਸੱਤਾ) ਆਰ. ਕੇ. ਮਿਸ਼ਰਾ (ਪੈਟਰੀਆਟ), ਸ਼ਮੀ ਸ਼ਰੀਨ (ਚੌਥੀ ਦੁਨੀਆਂ) ਆਦਿ ਨੇ ਕੀਤਾ ਹੈ। ਇਥੋਂ ਤਕ ਕਿ ਚੰਨੀ ਦੇ ਝੂਠੇ ਪੁਲਸ ਮੁਕਾਬਲੇ ਬਾਰੇ ਸੱਚ ਨੂੰ ਸਾਹਮਣੇ ਲਿਆਉਣ ਵਿਚ ਵੀ ਹੋਰਨਾਂ ਤੋਂ ਇਲਾਵਾ ਰੋਪੜ ਦੇ ਇਕ ਹਿੰਦੂ ਪੱਤਰਕਾਰ ਦਾ ਉਭਰਵਾ ਰੋਲ ਹੈ। ਵਿਕਸਤ ਹੋ ਰਹੀ ਅਜਿਹੀ ਸ਼ਾਨ-ਦਾਰ ਹਾਲਤ ਦੇ ਸਨਮੁੱਖ ਚੰਨੀ ਦੇ ਝੂਠੇ ਪੁਲਸ ਮੁਕਾਬਲੇ ਨੂੰ ਮੁਕਾਬਲੇ ਨਾਲ ਸਬੰਧਿਤ ਵਿਅਕਤੀਆਂ ਦੀ ਥਾਂ ਹਿੰਦੂ-ਸਿੱਖ ਦਾ ਸਵਾਲ ਬਨਾਉਣ ਦਾ ਅਰਥ, ਹਿੰਦੂਆਂ ਅਤੇ ਸਿੱਖਾਂ ਵੱਲੋਂ ਇਕੱਠੇ ਹੋ ਕੇ ਸਰਕਾਰੀ ਅਤਿਆਚਾਰਾਂ ਦੇ ਖਿਲਾਫ ਅਵਾਜ਼ ਉਠਾਉਣ ਦੇ ਰੁਝਾਣ ਨੂੰ ਸੱਟ ਮਾਰਨਾ ਹੈ। ਅਜਿਹੀ ਸੱਟ ਜਿਸ ਦਾ ਜਾਬਰ ਹਾਕਮਾਂ ਤੋਂ ਬਿਨਾਂ ਹੋਰ ਕਿਸੇ ਨੂੰ ਵੀ ਕੋਈ ਲਾਭ ਨਹੀਂ ਹੋਣ ਲੱਗਾ। ਝੂਠੇ ਪੁਲਸ ਮੁਕਾਬਿਆਂ ਨੂੰ ਬੰਦ ਕਰਵਾਉਣ ਵਾਸਤੇ ਹਿੰਦੂਆਂ ਦੇ ਮੋਗੇ ਵਰਗੇ ਹੋਰ ਕਈ ਕਤਲੇਆਮਾਂ ਦੀ ਧਮਕੀ ਅਜਿਹੇ ਮੌਕੇ ਦਿੱਤੀ ਗਈ ਹੈ ਜਦੋਂ ਪੰਜਾਬ ਦੇ ਹਿੰਦੂਆਂ ਦੀ ਨਵੀਂ ਬਣੀ ਜਥੇਬੰਦੀ 'ਦੇਸ਼ ਪੰਜਾਬ ਨਿਆਂ ਫਰੰਟ' ਦੇ ਕਾਰਕੁਨ ਰਾਸ਼ਟਰਪਤੀ ਭਵਨ ਦੇ ਸਾਹ-ਮਣੇ ਪੰਜ ਦਿਨ ਦੀ ਭੁਖ ਹੜਤਾਲ ਕਰਕੇ ਰਾਜੀਵ ਸਰਕਾਰ ਵੱਲੋਂ ਸਿੱਖ ਭਾਈਚਾਰੇ ਵਿਰੁੱਧ ਕੀਤੇ ਜਾ ਰਹੇ ਜਹਿਰੀਲੇ

ਪਰਚਾਰ ਅਤੇ ਭੜਕਾਊ ਕਾਰਵਾਈਆਂ ਤੋਂ ਦੇਸ਼ ਭਰ ਦੇ ਹਿੰਦੂਆਂ ਨੂੰ ਸੁਚੇਤ ਰਹਿਣ ਦਾ ਪੈਗਾਮ ਦੇਣ ਦੀਆਂ ਤਿਆਰੀਆਂ ਕਰ ਰਹੇ ਸਨ।

ਕਤਲਾਂ ਦੀ ਜ਼ੁਮੇਂਵਾਰੀ ਜਿਹਨਾਂ ਜਥੇਬੰਦੀਆਂ ਦੇ ਨਾਮ 'ਤੇ ਲਈ ਗਈ ਹੈ, ਉਹਨਾਂ ਵਿਚੋਂ ਇਕ ਖਾਲਿਸਤਾਨ ਕਮਾਂਡੋ ਫੋਰਸ (ਕੰਵਰਜੀਤ ਸਿੰਘ ਗਰੁੱਪ) ਹੈ। ਇਹ ਜਥੇਬੰਦੀ ਹੋਂਦ ਵਿਚ ਆਉਣ ਦੇ ਸਮੇਂ ਤੋਂ ਹੀ ਇਹ ਐਲਾਨ ਕਰਦੀ ਆ ਰਹੀ ਹੈ ਕਿ ਇਸ ਦਾ ਸੰਘਰਸ਼ ਦਿੱਲੀ ਦਰਬਾਰ ਦੇ ਖਿਲਾਫ ਹੈ, ਕਿਸੇ ਧਾਰਮਿਕ ਤਬਕੇ ਦੇ ਖਿਲਾਫ ਨਹੀਂ। ਆਪਣੇ ਇਸ ਪ੍ਰਚਾਰ ਦੇ ਅਧਾਰ 'ਤੇ ਇਸ ਗਰੁੱਪ ਨੇ ਸਿੱਖਾਂ ਅੰਦਰਲੇ ਸਿਆਸੀ ਤੌਰ' ਤੇ ਸਮਝਦਾਰ ਹਿੱਸਿਆਂ ਅੰਦਰ ਕੁਝ ਥਾਂ ਵੀ ਬਣਾ ਲਈ ਹੈ। ਜੇ ਇਹ ਜਥੇਬੰਦੀ ਇਸ ਕਤਲੇਆਮ ਵਿਚ ਸ਼ਾਮਿਲ ਹੋਈ ਹੈ ਅਤੇ ਅਗਾਂਹ ਤੋਂ ਵੀ ਹਿੰਦੂਆਂ ਦੇ ਕਤਲੇਆਮਾਂ ਦੇ ਰਾਹ ਪੈਂਦੀ ਹੈ, ਜਿਵੇਂ ਕਿ ਕਤਲਾਂ ਦੀ ਜ਼ੁਮੇਂਵਾਰੀ ਲੈਣ ਵਾਲੇ ਬਿਆਨ ਵਿਚ ਕਿਹਾ ਗਿਆ ਹੈ ਤਾਂ ਇਸ ਦਾ ਮਤਲਬ ਜਥੇਬੰਦੀ ਦੀ ਹੁਣ ਤਕ ਦੀ ਸਾਰੀ ਕੀਤੀ ਕਰਾਈ ਨੂੰ ਖੂਹ ਵਿਚ ਪਾਉਣਾ ਹੋਵੇਗਾ। ਲੋਕਾਂ ਅੰਦਰ ਇਸ ਜਥੇਬੰਦੀ ਦਾ ਨਕਸ਼ਾ ਵੀ ਉਹਨਾਂ ਜਥੇਬੰਦੀਆਂ ਵਰਗਾ ਹੀ ਬਣ ਜਾਵੇਗਾ, ਜੋ ਕਹਿੰਦੀਆਂ ਕੁਝ ਹੋਰ ਹਨ ਅਤੇ ਕਰਦੀਆਂ ਕੁਝ ਹੋਰ ਹਨ। ਕਹਿਣੀ ਅਤੇ ਕਰਨੀ ਵਿਚ ਪਾੜੇ ਵਾਲੀਆਂ ਜਥੇਬੰਦੀਆਂ ਲੋਕਾਂ ਦਾ ਕਦੀ ਵਿਸ਼ਵਾਸ਼ ਨਹੀਂ ਜਿੱਤ ਸਕਦੀਆਂ ਹੁੰਦੀਆਂ ਅਤੇ ਲੋਕਾਂ ਦੇ ਵਿਸ਼ਵਾਸ਼ ਨੂੰ ਜਿੱਤਣ ਤੋਂ ਬਿਨਾਂ ਅੱਜ ਤੱਕ ਕੋਈ ਵੀ ਕਿਸੇ ਜਾਬਰ ਹਾਕਮ ਨੂੰ ਨਹੀਂ ਹਰਾ ਸਕਿਆ।

ਇਸ ਜਥੇਬੰਦੀ ਦੇ ਹਮਾਇਤੀ ਜਾਂ ਕੋਈ ਹੋਰ ਕਹਿ ਸਕਦਾ ਹੈ ਕਿ ਮਰਨ ਵਾਲੇ ਤਾਂ ਇਕ ਫਾਸ਼ੀ ਜਥੇਬੰਦੀ ਆਰ. ਐੱਸ. ਐੱਸ. ਦੇ ਮੈਂਬਰ ਸਨ। ਤੱਥ ਪੱਖੋਂ ਇਹ ਗੱਲ ਠੀਕ ਵੀ ਲੱਗ ਸਕਦੀ ਹੈ। ਪਰ ਕਿਸੇ ਫਾਸ਼ੀ ਜਥੇਬੰਦੀ ਦੇ ਆਗੂਆਂ ਅਤੇ ਸਧਾਰਨ ਮੈਂਬਰਾਂ ਵਿਚ ਫ਼ਰਕ ਨਾ ਕਰਨਾ ਸਿਆਸੀ ਸਿਆਣਪ ਨਹੀਂ ਹੁੰਦੀ।

ਝੂਠੇ ਪੁਲਿਸ ਮੁਕਾਬਲਿਆਂ ਨੂੰ ਬੰਦ ਕਰਵਾਉਣ ਲਈ ਹਿੰਦੂਆਂ ਦਾ ਅੰਨ੍ਹੇਵਾਹ ਵਡਾਂਗਾਂ ਸ਼ੁਰੂ ਕਰਨ ਦਾ ਮੌਜੂਦਾ ਪੈਂਤੜਾ ਕੋਈ ਨਵਾਂ ਪੈਂਤੜਾ ਨਹੀਂ ਹੈ। ਮਾਨੋਚਾਹਲ ਅਤੇ ਝਾਮਕੇ ਹੋਰੀਂ ਇਸ ਨੂੰ ਪਹਿਲਾਂ ਵੀ ਅਜ਼ਮਾ ਚੁਕੇ ਹਨ ਅਤੇ ਇਸ ਨੇ ਕਦੀ ਵੀ ਚੰਗੇ ਸਿੱਟੇ ਨਹੀਂ ਕਢੇ। ਇਹ ਲਗਾਤਾਰ ਬੁਰੀ ਤਰ੍ਹਾਂ ਫੇਲ੍ਹ ਹੁੰਦਾ ਆਇਆ ਹੈ ਅਤੇ ਅਗਾਂਹ ਵੀ ਸਫਲ ਨਹੀਂ ਹੋਣ ਲੱਗਾ। ਇਹ ਇਤਿਹਾਸ ਦਾ ਸਬਕ ਹੈ। ਸਿਆਣਿਆਂ ਦਾ ਕਹਿਣਾ ਹੈ, "ਜਿਹੜੇ ਇਤਿਹਾਸ ਦੇ ਸਬਕਾਂ ਤੋਂ ਕੁਝ ਨਹੀਂ ਸਿਖਦੇ, ਉਲਟਾ ਉਹਨਾਂ 'ਤੇ ਪਿਸਤੌਲ ਨਾਲ ਫਾਇਰ ਕਰਦੇ ਹਨ, ਇਤਿਹਾਸ ਉਹਨਾਂ ਨੂੰ ਤੋਪ ਨਾਲ ਫੁੰਡਦਾ ਹੈ।"

ਜਿਓਂ-ਜਿਓਂ ਚੋਣਾਂ ਨੇੜੇ ਆ ਰਹੀਆਂ ਹਨ, ਤਿਓਂ-ਤਿਓਂ ਰਾਜੀਵ ਜੁੰਡਲੀ ਹਿੰਦੂ ਹੰਕਾਰਵਾਦ ਨੂੰ ਹਵਾ ਦੇਣ ਅਤੇ ਧਾਰਮਿਕ ਘੱਟ-ਗਿਣਤੀਆਂ, ਖਾਸ ਕਰ ਸਿੱਖਾਂ ਅਤੇ ਮੁਸਲਮਾਨਾਂ ਦੇ ਖਿਲਾਫ ਨਫ਼ਰਤ ਭੜਕਾਉਣ ਦੀਆਂ ਸਰਗਰਮੀਆਂ ਵਿਚ ਤੇਜ਼ੀ ਲਿਆਉਂਦੀ ਜਾ ਰਹੀ ਹੈ। ਕਿਸੇ ਵੀ ਬਹਾਨੇ ਹੇਠ ਹਿੰਦੂਆਂ ਦੇ ਅੰਨ੍ਹੇਵਾਹ ਕਤਲ ਰਾਜੀਵ ਜੁੰਡਲੀ ਦੀਆਂ ਅਜਿਹੀਆਂ ਘ੍ਰਿਣਤ ਕਾਰਵਾਈਆਂ ਲਈ ਬਹੁਤ ਹੀ ਸਹਾਈ ਹੁੰਦੇ ਹਨ। ਉਹ ਅਜਿਹੇ ਕਤਲਾਂ ਦਾ ਸਿੱਖਾਂ ਖਿਲਾਫ਼ ਨਫ਼ਰਤ ਫੈਲਾਉਣ, ਬਾਕੀ ਦੇ ਦੇਸ਼ ਅੰਦਰ ਹਿੰਦੂ ਹੰਕਾਰਵਾਦ ਨੂੰ ਭੜਕਾਉਣ ਅਤੇ ਆਪਣੀਆਂ ਵੋਟਾਂ ਵਿਚ ਢਾਲਣ ਲਈ ਲਾਹਾ ਲੈਂਦੀ ਹੈ। ਅਜਿਹੇ ਕਤਲਾਂ ਨੂੰ ਉਹ ਪੰਜਾਬ 'ਤੇ ਚਾੜ੍ਹੇ ਹੋਏ ਕਟਕ ਨੂੰ ਦੇਸ਼ ਅੰਦਰਲੇ ਜਮਹੂਰੀਪਸੰਦ ਹਲਕਿਆਂ ਸਾਹਮਣੇ ਵਾਜਬ ਠਹਿਰਾਉਣ ਲਈ ਵੀ ਵਰਤਦੀ ਹੈ। ਇਸ ਤਰ੍ਹਾਂ ਖਾਲਿਸਤਾਨੀ ਜਥੇਬੰਦੀਆਂ ਨੇ ਹਿੰਦੂਆਂ ਦੇ ਅੰਨ੍ਹੇਵਾਹ ਕਤਲਾਂ ਨੂੰ ਜਾਰੀ ਰੱਖਣ ਦਾ ਐਲਾਨ ਕਰਕੇ, ਬੇ-ਸਮਝੀ 'ਚ ਹਾਕਮਾਂ ਨੂੰ ਆਪਣੀ ਫਿਰਕੂ ਸਿਆਸਤ ਨੂੰ ਅਗਾਂਹ ਵਧਾਉਣ ਦਾ ਸੁਨਹਿਰੀ ਮੌਕਾ ਦਿੱਤਾ ਹੈ। ਇਸ ਦੇ ਨਾਲ ਉਹਨਾਂ ਨੇ ਇਉਂ ਕਰਕੇ ਸਿੱਖ ਸੰਘਰਸ਼ ਦੇ ਹੱਕੀ ਪੱਖ ਦੀ ਹਮਾਇਤ ਵਿਚ ਆ ਰਹੀਆਂ ਅਤੇ ਆਉਣ ਵਾਲੀਆਂ ਵੱਖ-ਵੱਖ ਤਾਕਤਾਂ ਨੂੰ ਪਰ੍ਹਾਂ ਧੱਕਣ 'ਚ ਭਾਗੀਦਾਰ ਹੋਣ ਅਤੇ ਖੁਦ ਆਪ ਵੀ ਧਾਰਮਿਕ ਤੰਗਨਜ਼ਰੀ ਦਾ ਖੁਲ੍ਹੇ ਆਮ ਮੁਜਾਹਰਾ ਹੀ ਕੀਤਾ ਹੈ।

ਚਿੱਠੀ ਪੱਤਰ, ਚੰਦਾ ਤੇ ਸਹਾਇਤਾ ਭੇਜਣ ਲਈ ਪਤਾ

ਸਾਲਾਨਾ ਚੰਦਾ: 35/- ਰੁਪਏ

ਮਾਲਵਿੰਦਰ ਸਿੰਘ ਮਾਲੀ
ਪਿੰਡ ਤੇ ਡਾਕਖਾਨਾ ਸਕਰੌਦੀ,
ਜ਼ਿਲਾ ਸੰਗਰੂਰ-148026।

ਚੰਦਾ ਭੇਜਣ ਸਮੇਂ ਮਨੀਆਰਡਰ ਦੇ ਹੇਠਾਂ ਆਪਣਾ ਪੂਰਾ ਪਤਾ ਜ਼ਰੂਰ ਲਿਖੋ।

ਜਾਤ ਪਾਤ ਅਤੇ ਰੀਜ਼ਰਵੇਸ਼ਨ ਬਾਰੇ ਗਲਤ ਸਮਝ
ਕੇਂਦਰੀ ਹਾਕਮਾਂ ਵਿਰੁੱਧ ਜੱਦੋਜਹਿਦ ਨੂੰ ਕੁਰਾਹੇ ਹੀ ਪਾਏਗੀ

ਦਿੱਲੀ ਤੋਂ ਛਪਦੇ ਇਕ ਅੰਗਰੇਜ਼ੀ ਹਫਤਾਵਾਰ ਪਰਚੇ "ਦੀ ਵੀਕ" ਦੇ 18 ਜੂਨ ਵਾਲੇ ਅੰਕ ਵਿਚ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਬੰਡਾਲਾ ਧੜੇ ਦੇ ਦੋ ਪ੍ਰਮੁੱਖ ਆਗੂਆਂ—ਹਰਮਿੰਦਰ ਸਿੰਘ ਸੰਧੂ ਅਤੇ ਮਨਜੀਤ ਸਿੰਘ ਦੀ ਪਰਚੇ ਦੇ ਪੱਤਰਕਾਰ ਬ: ਸ: ਬਾਵਾ ਨਾਲ ਇਕ ਗੱਲਬਾਤ ਛੱਪੀ ਹੈ। ਇਸ ਗੱਲਬਾਤ ਵਿਚ ਉਹਨਾਂ ਨੇ ਹੋਰਨਾਂ ਮਸਲਿਆਂ ਤੋਂ ਇਲਾਵਾ ਜਾਤ-ਪਾਤ ਤੇ ਰੀਜ਼ਰਵੇਸ਼ਨ ਵਰਗੇ ਅਹਿਮ ਵਿਸ਼ਿਆਂ 'ਤੇ ਵੀ ਆਪਣੇ ਵਿਚਾਰ ਪ੍ਰਗਟਾਏ ਹਨ। ਪਰਚੇ ਨੇ ਇਹਨਾਂ ਵਿਚਾਰਾਂ ਨੂੰ ਮੋਟੀ ਟਾਈਪ ਵਿਚ ਅਤੇ ਡੱਬੀਆਂ ਲਾ ਲਾ ਕੇ ਉਭਾਰਿਆ ਹੈ। ਸੰਧੂ ਦਾ ਕਹਿਣਾ ਹੈ :

"ਭਾਰਤੀ ਵਿਧਾਨ ਨੂੰ ਤਿਆਰ ਕਰਨ ਵਾਲਿਆਂ ਨੇ ਵਿਧਾਨ ਵਿਚ ਪੱਛੜੀਆਂ ਅਤੇ ਪੱਟੀਦਾਰ (ਸ਼ਡਿਊਲਡ) ਜਾਤਾਂ ਲਈ ਰੀਜ਼ਰਵੇਸ਼ਨ ਦਰਜ ਕਰਨ ਦਾ ਫੈਸਲਾ ਕਰਕੇ ਭਾਰਤੀ ਸਮਾਜ ਨੂੰ ਸੈਂਕੜੇ ਸਾਲ ਪਿੱਛੇ ਧੱਕ ਦਿੱਤਾ ਹੈ... ਜਿਹੜੇ ਲੋਕ ਸਿੱਖ ਧਰਮ ਦੀਆਂ ਉੱਚੀਆਂ ਕਦਰਾਂ-ਕੀਮਤਾਂ ਨੂੰ ਦੇਖਦਿਆਂ ਹੋਇਆਂ ਇਸ ਧਰਮ ਵਿਚ ਸ਼ਾਮਲ ਹੋਏ ਸਨ, ਉਹਨਾਂ ਨੇ ਵੀ ਰੀਜ਼ਰਵੇਸ਼ਨ ਮੰਗਣੀ ਸ਼ੁਰੂ ਕਰ ਦਿੱਤੀ"

ਮਨਜੀਤ ਸਿੰਘ ਮੁਤਾਬਕ,

"ਸਿੱਖ ਗੁਰੂਆਂ ਵੱਲੋਂ ਆਪਣੀਆਂ ਮਹਾਨ ਸਿੱਖਿਆਵਾਂ ਰਾਹੀਂ ਸ਼ੁਰੂ ਕੀਤੇ ਗਏ ਏਕੀਕਰਣ ਦੇ ਅਮਲ ਨੂੰ [ਰੀਜ਼ਰਵੇਸ਼ਨ ਨਾਲ] ਪੁੱਠਾ ਗੇੜਾ ਦੇ ਦਿਤਾ ਗਿਆ। ਦਸ ਗੁਰੂਆਂ ਦੀ ਕਹਿਣੀ ਅਤੇ ਕਰਨੀ ਇਕ ਸੀ। ਵਿਧਾਨ ਤਿਆਰ ਕਰਨ ਵਾਲਿਆਂ ਨੇ ਸਮੇਂ ਨੂੰ ਪਿਛੇ ਮੋੜ ਦਿਤਾ। ਬਰਾਬਰੀ, ਏਕਤਾ, ਮੇਲ-ਮਿਲਾਪ ਅਤੇ ਸੂਝ-ਬੂਝ ਦੀਆਂ ਰਵਾਇਤਾਂ ਨੂੰ ਮਜਬੂਤ ਕਰਨ ਦੀ ਥਾਂ ਗਲੇ ਸੜੇ ਜਾਤਪਾਤੀ ਸਮਾਜ ਨੂੰ ਮੁੜ-ਜੀਵਿਤ ਕਰ ਦਿੱਤਾ ਗਿਆ ਅਤੇ ਇਸਨੇ ਹਿੰਦੂਵਾਦ ਦੇ ਵਿਕਾਸ ਅਤੇ ਪਸਾਰ ਨੂੰ ਅਥਾਹ ਨੁਕਸਾਨ ਪਹੁੰਚਾਇਆ।"

ਜਾਤਪਾਤ ਅਤੇ ਰੀਜ਼ਰਵੇਸ਼ਨ ਬਾਰੇ ਸੰਧੂ ਅਤੇ ਮਨਜੀਤ ਸਿੰਘ ਦੀ ਇਸ ਗੱਲਬਾਤ ਦਾ ਸਾਰ ਤੱਤ ਇਹ ਬਣਦਾ ਹੈ ਕਿ ਸਿੱਖ ਗੁਰੂਆਂ ਦੀਆਂ ਜਾਤਪਾਤ ਦੇ ਖਾਤਮੇ ਬਾਰੇ ਮਹਾਨ ਸਿੱਖਿਆਵਾਂ ਕਾਰਨ ਸਿੱਖ ਭਾਈਚਾਰੇ ਵਿਚੋਂ ਜਾਤਪਾਤ ਦਾ ਕੋਹੜ ਤਾਂ ਖਤਮ ਹੋ ਹੀ ਚਲਿਆ ਸੀ ਕਿ ਭਾਰਤ ਦੇ ਵਿਧਾਨ ਨੂੰ ਤਿਆਰ ਕਰਨ ਵਾਲਿਆਂ ਨੇ ਵਿਧਾਨ ਵਿਚ ਦਲਿਤਾਂ ਲਈ ਰੀਜ਼ਰਵੇਸ਼ਨ ਦਰਜ ਕਰਕੇ ਇਸ ਵਿਚ ਮੁੜ ਜਾਨ ਪਾ ਦਿਤੀ। ਇਥੋਂ ਤੱਕ ਕਿ ਸਿੱਖ ਭਾਈਚਾਰੇ ਵਿਚ ਸ਼ਾਮਲ ਹੋਏ ਦਲਿਤ ਵੀ ਰੀਜ਼ਰਵੇਸ਼ਨ ਮੰਗਣ ਲੱਗੇ।

ਇਹਨਾਂ ਵਿਚਾਰਾਂ ਵਿਚੋਂ ਅਗਲੀ ਗੱਲ ਇਹ ਨਿਕਲਦੀ ਹੈ ਕਿ ਰੀਜ਼ਰਵੇਸ਼ਨ ਫੌਰੀ ਬੰਦ ਹੋਣੀ ਚਾਹੀਦੀ ਹੈ ਕਿਉਂਕਿ ਇਹ 'ਸਮੇਂ ਨੂੰ ਪੁੱਠਾ ਗੇੜਾ' ਦੇ ਰਹੀ ਹੈ।

ਰੀਜ਼ਰਵੇਸ਼ਨ ਪਿਛੇ ਛੁਪੇ ਕੇਂਦਰੀ ਹਾਕਮਾਂ ਦੇ ਮਨਸੂਬਿਆ, ਇਹਨਾ ਮਨਸੂਬਿਆਂ ਨੂੰ ਭਾਂਜ ਦੇਣ ਲਈ ਲੋੜੀਂਦੇ ਪੈਂਤੜਿਆਂ, ਉਚ-ਜਾਤੀਆਂ ਦੇ ਬਰਾਹਮਣਵਾਦੀ ਹਿੱਸਿਆ ਵਲੋਂ ਰੀਜ਼ਰਵੇਸ਼ਨ 'ਤੇ ਕੀਤੇ ਜਾ ਰਹੇ ਯੋਜਨਾਬੰਦ ਅਤੇ ਗੈਰ ਵਾਜ਼ਬ ਹਮਲਿਆਂ ਅਤੇ ਇਹਨਾਂ ਹਮਲਿਆਂ ਰਾਹੀਂ ਭੜਕਾਏ ਜਾ ਰਹੇ ਉਚ-ਜਾਤੀ ਹੰਕਾਰਵਾਦ ਨਾਲ ਟਾਕਰਾ ਕਰਨ ਲਈ ਅਪਣਾਏ ਜਾਣ ਵਾਲੇ ਢੰਗਾਂ ਵਰਗੇ ਸਵਾਲਾਂ ਨੂੰ ਲੇਖ ਦੇ ਅਗਲੇ ਹਿੱਸੇ ਲਈ ਛਡਦਿਆਂ ਅਸੀਂ ਸਭ ਤੋਂ ਪਹਿਲਾਂ ਸਿੱਖ ਜਗਤ ਅੰਦਰ ਵਿਚਰ ਰਹੀ ਜਾਤ ਪਾਤੀ ਹਕੀਕਤ ਨੂੰ ਮੁਖਾਤਬ ਹੁੰਦੇ ਹਾਂ

ਜਾਤਪਾਤ ਅਤੇ ਰੀਜ਼ਰਵੇਸ਼ਨ ਦੇ ਮਸਲੇ ਸਾਡੇ ਸਮਾਜ ਦੇ ਬੁਨਿਆਦੀ ਅਤੇ ਨਾਜਕ ਮਸਲੇ ਹਨ। ਇਹਨਾਂ ਬਾਰੇ ਲਈ ਗਈ ਕੋਈ ਵੀ ਗਲਤ ਪੁਜੀਸ਼ਨ ਨਾ ਸਿਰਫ ਸਮਾਜ ਦੇ ਅਗਾਂਹ ਵੱਲ ਵਿਕਾਸ ਨੂੰ ਰੋਕ ਲਾ ਸਕਦੀ ਹੈ ਸਗੋਂ ਦਲਿਤ ਜਾਤਾਂ ਨੂੰ ਗੈਰ ਸਰਗਰਮ ਅਤੇ ਨਿਰ-ਉਤਸ਼ਾਹਿਤ ਕਰਕੇ ਜਾਂ ਕੇਂਦਰੀ ਹਾਕਮਾਂ ਵੱਲ ਧੱਕ ਕੇ ਦਿੱਲੀ ਵਿਰੁੱਧ ਜਦੋਜਹਿਦ ਨੂੰ ਤਕੜੀ ਢਾਹ ਲਾਉਣ ਦਾ ਕਾਰਨ ਬਣ ਸਕਦੀ ਹੈ ਇਸ ਕਰਕੇ ਇਸ ਮਸਲੇ ਬਾਰੇ ਡੂੰਘੀ ਸੋਚ-ਵਿਚਾਰ ਕਰਨੀ ਅਤੇ ਗਲਤ ਵਿਚਾਰਾਂ ਨੂੰ ਤੱਜ ਕੇ ਦਰੁਸਤ ਵਿਚਾਰਾਂ ਨੂੰ ਅਪਨਾਉਣ ਅਤੇ ਸਥਾਪਤ ਕਰਨ ਵੱਲ ਵਧਣਾ ਸਮੇਂ ਦੀ ਅਹਿਮ ਲੋੜ ਹੈ।

ਇਹ ਠੀਕ ਹੈ ਕਿ ਜਾਤਪਾਤ ਬਾਰੇ ਗੁਰੂ ਸਾਹਿਬਾਨ ਦੇ ਇਨਕਲਾਬੀ ਵਿਚਾਰਾਂ ਅਤੇ ਮਹਾਨ ਸਿਖਿਆਵਾਂ ਨੇ ਜਾਤ-ਪਾਤ ਨੂੰ ਫਨਾਹ ਕਰਨ ਦੇ ਅਮਲ ਨੂੰ ਸ਼ੁਰੂ ਕੀਤਾ। ਪਰ ਗੁਰੂ ਸਾਹਿਬਾਨ ਤੋਂ ਬਅਦ ਸਿੱਖ ਜਗਤ ਨੇ ਉਹਨਾਂ ਦੇ ਵਿਚਾਰਾਂ ਨੂੰ ਕਿਸ ਹੱਦ ਤੱਕ ਅਪਣਾਇਆ? ਜਾਤਪਾਤ ਦੇ ਖਾਤਮੇ ਦੇ ਅਮਲ ਨੂੰ ਕਿਨਾ ਕੁ ਅਗਾਂਹ ਤੋਰਿਆ? ਸਿੱਖ ਜਗਤ ਵਿਚ ਜਾਤਪਾਤ ਦਾ ਕੋਹੜ ਕਿਨਾ ਕੁ ਖਤਮ ਹੋਇਆ?

ਇਹਨਾਂ ਸਾਰੇ ਸਵਾਲਾਂ ਬਾਰੇ ਮਨਜੀਤ ਸਿੰਘ ਅਤੇ ਸੰਧੂ ਦੇ ਵਿਚਾਰ ਸਮਾਜੀ ਹਕੀਕਤਾਂ ਨਾਲ ਮੇਲ ਨਹੀਂ ਖਾਂਦੇ । ਇਹ ਕਹਿਣਾਂ ਕਿ ਸਿੱਖ ਜਗਤ ਵਿਚੋਂ ਜਾਤ-ਪਾਤ ਤਾਂ ਖਤਮ ਹੋ ਹੀ ਚੱਲੀ ਸੀ, ਰੀਜ਼ਰਵੇਸ਼ਨ ਨੇ ਹੀ ਮੁੜ ਮਜਬੂਤ ਕਰ ਦਿਤੀ ਹੈ, ਬਹੁਤ ਹੀ ਵੱਡਾ ਝੂਠ ਹੈ। ਸਿੱਖ ਜਗਤ ਵਿਚ ਜਾਤਪਾਤ ਰੀਜ਼ਰਵੇਸ਼ਨ ਕਰਕੇ ਨਹੀਂ ਸਗੋਂ 'ਗੁਰੂ ਸਿੱਖਿਆ ਤੋਂ ਮੁੱਖ ਮੋੜਨ' ਕਰਕੇ ਹੈ ਆਪਣੀਆਂ ਕਮਜ਼ੋਰੀਆਂ ਨੂੰ ਸਵੀਕਾਰ ਕਰਨ ਅਤੇ ਦੂਰ ਕਰਨ ਵੱਲ ਤੁਰਨ ਦੀ ਥਾਂ ਹੋਰਨਾਂ ਸਿਰ (ਰੀਜ਼ਰਵੇਸ਼ਨ) ਭਾਂਡਾ ਭੰਨਣ ਦੀ ਕੋਸ਼ਿਸ਼ ਸਿੱਖ ਜਗਤ ਦਾ ਕੁਝ ਨਹੀਂ ਸਵਾਰ ਸਕਦੀ, ਵਿਗਾੜ ਜ਼ਰੂਰ ਸਕਦੀ ਹੈ। ਦਲਿਤ ਜਾਤਾਂ ਬਾਰੇ ਸਿੱਖਾਂ ਦੇ ਪੈਂਤੜੇ ਦੀ ਗੱਲ ਕਰਦਿਆਂ ਗੁਰੂ ਸਾਹਿਬ ਨੇ ਕਿਹਾ ਸੀ

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ
ਨਾਨਕ ਤਿਨ ਕੈ ਸੰਗਿ ਸਾਥਿ
ਵਡਿਆਂ ਸਿਉਂ ਕਿਆ ਰੀਸ

ਪਰ ਇਹ ਹੀ ਉਹ ਪੈਂਤੜਾ ਹੈ ਜਿਥੇ ਸਿੱਖਾਂ ਨੇ ਗੁਰੂ ਸਾਹਿਬ ਨੂੰ ਸੱਭ ਤੋਂ ਵੱਧ ਪਿੱਠ ਦਿਤੀ ਹੈ ਅਤੇ ਸਿੱਟਾ ਇਹ ਨਿਕਲਿਆ ਹੈ ਕਿ ਗੁਰੂ ਸਾਹਿਬ ਤੋਂ 500 ਸਾਲ ਬਾਅਦ ਵੀ ਦਲਿਤ ਸਿੱਖ ਧਾਰਮਿਕ ਤੌਰ 'ਤੇ, ਸਮਾਜਿਕ ਤੌਰ 'ਤੇ, ਆਰਥਕ ਤੌਰ 'ਤੇ ਅਤੇ ਸਿਆਸੀ ਤੌਰ 'ਤੇ ਸਿੱਖ ਭਾਈਚਾਰੇ ਦਾ ਸਭ ਤੋਂ ਪੱਛੜਿਆ ਅਤੇ ਦੱਬਿਆ-ਕੁਚਲਿਆ ਹਿੱਸਾ ਹਨ ਜਿਹੜੇ ਲੋਕ ਸਾਡੇ ਇਸ ਦਾਅਵੇ ਨਾਲ ਸਹਿਮਤ ਨਹੀਂ, ਕੀ ਉਹ ਸਾਡੇ ਹੇਠ ਲਿਖੇ ਸਵਾਲਾਂ ਵਿਚੋਂ ਇਕ ਦਾ ਵੀ ਜਵਾਬ ਦੇਣ ਦੀ ਜੁਅਰਤ ਕਰਨਗੇ ?

ਧਾਰਮਿਕ ਖੇਤਰ

ਅਕਾਲ ਤਖਤ ਸਾਹਿਬ ਦੇ ਹੁਣ ਤੱਕ ਦੇ ਜਥੇਦਾਰਾਂ ਵਿਚੋਂ ਕਿਨੇ ਉਹਨਾਂ "ਅਤਿ ਨੀਚੁ" ਜਾਤਾਂ 'ਚੋਂ ਆਏ ਹਨ ਜਿਨ੍ਹਾਂ ਦੇ "ਸੰਗਿ ਸਾਥਿ" ਦੀ ਗੁਰੂ ਨਾਨਕ ਸਾਹਿਬ ਨੇ ਗੱਲ ਕੀਤੀ ਸੀ ? ਸਿੱਖਾਂ ਦੀਆ ਮੌਜੂਦਾ ਉਭਰ-ਵੀਆਂ ਧਾਰਮਿਕ ਸੰਸਥਾਵਾਂ ਦੇ ਕਿਨੇ ਮੁੱਖੀ ਉਹਨਾਂ "ਅਤਿ ਨੀਚ" ਜਾਤਾਂ 'ਚੋਂ ਆਏ ਹਨ ਜਿਹਨਾਂ ਦੇ "ਸੰਗਿ ਸਾਥਿ" ਦੀ ਗੁਰੂ ਨਾਨਕ ਸਾਹਿਬ ਨੇ ਗੱਲ ਕੀਤੀ ਸੀ ? ਸਿੱਖ ਗੁਰਦ-ਵਾਰਿਆਂ ਦਾ ਪ੍ਰਬੰਧ ਚਲਾ ਰਹੀ ਸ਼੍ਰੋਮਣੀ ਕਮੇਟੀ ਦੇ ਹੁਣ ਤੱਕ ਦੇ ਪ੍ਰਧਾਨਾਂ ਵਿਚੋਂ ਕਿਨੇ ਉਹਨਾਂ "ਅਤਿ ਨੀਚ" ਜਾਤਾਂ 'ਚੋਂ ਆਏ ਹਨ ਜਿਹਨਾਂ ਦੇ "ਸੰਗਿ ਸਾਥਿ" ਦੀ ਗੁਰੂ ਨਾਨਕ ਸਾਹਿਬ ਨੇ ਗੱਲ ਕੀਤੀ ਸੀ ? ਕਿਹਾ ਜਾ ਸਕਦਾ ਹੈ ਕਿ ਇਹ ਉੱਚ-ਪਦਵੀਆਂ ਸਿਰਫ ਯੋਗਤਾ ਨਾਲ ਹੀ ਹਾਸਲ ਹੁੰਦੀਆਂ ਹਨ। ਠੀਕ ਹੈ। ਪਰ ਕੀ ਕਾਰਨ ਹੈ ਕਿ ਕੋਈ ਵੀ ਦਲਿਤ ਇਸ ਯੋਗਤਾ ਨੂੰ ਹਾਸਲ ਕਰਨ ਦੇ ਯੋਗ ਨਹੀਂ ਹੋਇਆ, ਜਾਂ ਜੇ ਹੋਏ ਹਨ ਤਾਂ ਨਾ-ਮਾਤਰ ਹੀ ਹੋਏ ਹਨ ? ਕੀ ਇਹ ਧਾਰਮਿਕ ਖੇਤਰ ਅੰਦਰ "ਅਤਿ ਨੀਚ" ਜਾਤਾਂ ਦੇ ਪੱਛੜੇ ਹੋਣ ਦਾ ਸਪਸ਼ਟ ਸਬੂਤ ਨਹੀਂ ਹੈ ? ਕੀ ਅਜਿਹਾ "ਰੀਜ਼ਰਵੇਸ਼ਨ" ਕਰਕੇ ਹੋ ਗਿਆ ?

ਸਿੱਖ ਗੁਰਦਵਾਰਿਆਂ ਦੀ ਮਿਸਾਲ ਲਈ ਜਾ ਸਕਦੀ ਹੈ। ਕੀ ਜਾਤਾਂ ਦੇ ਆਧਾਰ 'ਤੇ ਗੁਰਦਵਾਰੇ ਨਹੀਂ ਬਣ ਰਹੇ ? ਕੀ ਪਿੰਡਾਂ ਅੰਦਰ ਉਹ-ਜਾਤਾਂ ਵਾਲਿਆਂ ਦੇ ਅੱਡ ਤੇ ਦਲਿਤ ਜਾਤਾਂ ਵਾਲਿਆਂ ਦੇ ਅੱਡ ਅੱਡ ਗੁਰਦਵਾਰੇ ਨਹੀਂ ਹਨ ? ਕੀ ਦਲਿਤ ਸ਼ੌਂਕ ਨਾਲ ਆਪਣੇ ਗੁਰਦਵਾਰੇ ਉਸਾਰ ਰਹੇ ਹਨ ਜਾਂ ਕਿਸੇ ਮਜਬੂਰੀ ਵੱਸ ? ਕੀ ਦਲਿਤਾਂ ਵਲੋਂ ਉਸਾਰੇ ਜਾ ਰਹੇ ਗੁਰਦਵਾਰੇ ਕਿਸੇ ਪੱਧਰ 'ਤੇ ਇਸ ਹਕੀਕਤ ਵੱਲ ਇਸ਼ਾਰਾ ਨਹੀਂ ਕਰਦੇ ?

ਸੂਦੁ ਸੂਦੁ ਕਰਿ ਮਾਰਿ ਉਠਾਇਓ
ਕਹਾ ਕਰਉ ਬਾਪ ਬੀਠਲਾ
ਮੂਏ ਹੂਏ ਜਉ ਮੁਕਤਿ ਦੇਹੁਗੇ
ਮੁਕਤਿ ਨ ਜਾਨੈ ਕੋਇਲਾ
ਏ ਪੰਡੀਆ ਮੋ ਕਉ ਢੇਢ ਕਹਤ
ਤੇਰੀ ਪੈਜ ਪਿਛਉਡੀ ਹੋਇਲਾ (ਨਾਮ ਦੇਵ)

ਇਸ ਲੇਖਕ ਦੇ ਆਪਣੇ ਪਿੰਡ ਦੇ ਗੁਰਦਵਾਰਿਆਂ ਵਿਚ ਦਲਿਤਾਂ ਨੂੰ ਗੁਰਦਵਾਰਿਆਂ ਦੇ ਦੁਆਰ 'ਤੇ ਹੀ ਬੈਠਣ ਲਈ ਮਜਬੂਰ ਕੀਤਾ ਜਾਂਦਾ ਰਿਹਾ ਹੈ। ਇਸ ਤਰ੍ਹਾਂ ਜਲੀਲ ਹੋਣ ਦੀ ਥਾਂ ਦਲਿਤਾਂ ਨੇ ਆਪਣੇ ਦੋ ਵੱਖਰੇ ਗੁਰਦਵਾਰੇ ਉਸਾਰ ਲਏ ਹਨ।

"ਮਹਾਂ-ਪੁਰਖਾਂ" ਨਾਲ ਸਬੰਧਤ ਦਿਹਾੜਿਆਂ ਦੀ ਮਿਸਾਲ ਵੀ ਲਈ ਜਾ ਸਕਦੀ ਹੈ ਕੀ ਕਾਰਨ ਹੈ ਕਿ ਰਵਿਦਾਸ ਜੀ, ਜਿਹਨਾਂ ਦੀ ਬਾਣੀ ਪੰਜਵੇਂ ਗੁਰੂ ਸਾਹਿਬਾਨ ਨੇ "ਸ੍ਰੀ ਗੁਰੂ ਗਰੰਥ ਸਾਹਿਬ" ਵਿਚ ਦਰਜ ਕੀਤੀ, ਜਿਸਨੂੰ ਬਾਅਦ ਵਿਚ ਦਸਵੇਂ ਗੁਰੂ ਸਾਹਿਬ ਨੇ ਦੂਸਰੇ ਗੁਰੂਆਂ ਦੀ ਬਾਣੀ ਦੇ ਨਾਲ ਹੀ ਗੁਰੂ ਦਾ ਰੁਤਬਾ ਦਿਤਾ, ਦੇ ਜਨਮ ਨੂੰ ਉੱਚ-ਜਾਤੀ ਵਾਲੇ ਸਿੱਖ ਉਨੇ ਜੋਸ਼-ਖਰੋਸ਼ ਨਾਲ ਨਹੀਂ ਮਨਾਉਂਦੇ ਜਿਨੇ ਜੋਸ਼ ਖਰੋਸ਼ ਨਾਲ ਚਮਾਰ ਕਹੇ ਜਾਂਦੇ ਲੋਕ ਮਨਾਉਂਦੇ ਹਨ ? ਸਿੱਖ ਭਾਈਚਾਰੇ ਵਿਚ ਸਤਿਕਾਰੇ ਜਾਂਦੇ ਵਿਦਿਵਾਨਾਂ ਵਲੋਂ ਰਚੇ ਗਏ ਗਰੰਥਾਂ ਦੀ ਮਿਸਾਲ ਲਈ ਜਾ ਸਕਦੀ ਹੈ ਕੀ ਇਨ੍ਹਾਂ ਗਰੰਥਾਂ ਵਿਚ ਕਿਨੇ ਹੀ ਥਾਂਈ ਜਾਤਪਾਤ ਦਾ ਪ੍ਰਚਾਰ ਨਹੀਂ ਕੀਤਾ ਗਿਆ ? ਕੀ ਅਜਿਹਾ ਪ੍ਰਚਾਰ ਜਾਤਪਾਤ ਨੂੰ ਮਜਬੂਤ ਨਹੀਂ ਕਰਦਾਂ ? ਅਜਿਹੇ ਪਰਚਾਰ ਵਿਰੁੱਧ ਜ਼ੋਰ

ਨਾਲ ਆਵਾਜ਼ ਕਿਉਂ ਨਹੀਂ ਉਠਾਈ ਗਈ ? ਜਾਤਪਾਤ ਦੇ ਹੱਕ ਵਿਚ ਭੁਗਤਨ ਵਾਲੇ ਕਥਨਾਂ ਨੂੰ ਇਹਨਾਂ ਗਰੰਥਾਂ ਵਿਚੋਂ ਕੱਢਣ ਦੇ ਉਪਰਾਲੇ ਕਿਉਂ ਨਹੀਂ ਕੀਤੇ ਗਏ ? ਗੁਰੂ ਸਾਹਿਬ ਤਾਂ ਇਹ ਕਹਿੰਦੇ ਹਨ ਮਾਨਸ ਕੀ ਜਾਤ ਸਭ ਏਕੈ ਪਹਿਚਾਨਬੋ ਪਰ "ਮਹਾਨ ਕਵੀ ਸੰਤੋਖ ਸਿੰਘ "ਗੁਰ ਪ੍ਰਤਾਪ ਸੂਰਜ" ਵਿਚ ਉਹਨਾਂ ਦੇ ਮੂੰਹੋਂ ਅਖਵਾਉਂਦੇ ਹਨ :

ਜੱਟ ਵਣਜਾਰਾ ਰੋੜਾ ਸਾਰਾ
ਦੋ ਹਿੱਸੇ ਸਿੱਖੀ ਤਿਨ ਧਾਰਾ
ਤ੍ਰਿਤੀ ਭਾਗ ਸਭਿ ਮਹਿ ਵਰਤਾਈ
ਧਰਹਿ ਰਿਦੇ ਸੋ ਪਾਰ ਪਰਾਈ
ਚਾਰ ਸਕਾਰ ਬਿਸਾਹੁ ਨ ਦੀਹ
ਸੁਨਿਯਾਰਾ ਸੈਂਕਣ ਸੱਪ ਸੀਂਹ

[ਭਾਵ ਜੱਟ ਵਣਜਾਰੇ ਤੇ ਅਰੋੜੇ, ਇਹ ਪੂਰੇ ਸਿੱਖ ਹਨ, ਦੋ ਹਿੱਸੇ ਸਿੱਖੀ ਇਹਨਾ ਦੀ ਹੈ, ਤੇ ਤੀਸਰਾ ਹਿੱਸਾ ਬਾਕੀ ਸਾਰਿਆਂ ਦਾ ।... ਚਾਰ ਸੱਸਿਆਂ ਦਾ ਵਿਸਾਹ ਨਹੀਂ ਕਰਨਾ ਸੁਨਿਆਰਾ, ਸੈਂਕਣ,ਸੱਪ ਤੇ ਸੀਂਹ ।]

ਜਾਤ-ਪਾਤ ਨੂੰ ਸ਼ਹਿ ਦੇਣ ਵਾਲੀਆਂ ਅਜਿਹੀਆਂ ਇਕ ਨਹੀਂ, ਦੋ ਨਹੀਂ, ਦਰਜਨਾਂ ਹੀ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ । ਇਕ ਨਹੀਂ, ਦੋ ਨਹੀਂ, ਦਰਜਨਾਂ ਹੀ ਗ੍ਰੰਥਾਂ ਵਿਚੋਂ । ਪ੍ਰਸਿੱਧ ਢਾਡੀ ਅਤੇ ਲੇਖਕ ਸੋਹਣ ਸਿੰਘ ਸੀਤਲ ਨੇ ਗੁਰਬਿਲਾਸ—ਕਰਤਾ ਕੋਇਰ ਸਿੰਘ, ਗੁਰਬਿਲਾਸ ਛੇਵੀਂ ਪਾਤਿਸ਼ਾਹੀ, ਗੁਰਬਿਲਾਸ ਕਰਤਾ ਸੁੱਖਾ ਸਿੰਘ, ਬੰਸਾਵਲੀਨਾਮਾ ਕਰਤਾ ਕੇਸਰ ਸਿੰਘ ਛਿੱਬਰ, ਗੁਰੂ ਨਾਨਕ ਮਹਿਮਾ ਕਰਤਾ ਸਰੂਪ ਦਾਸ ਭੱਲਾ, ਪਰਚੀਆਂ —ਸੇਵਾ ਦਾਸ ਨੌਂ ਗੁਰ-ਪ੍ਰਣਾਲੀਆਂ, ਨਾਨਕ ਪ੍ਰਕਾਸ਼ ਕਰਤਾ ਕਵੀ ਸੰਤੋਖ ਸਿੰਘ, ਗੁਰੂ ਪ੍ਰਤਾਪ ਸੂਰਜ ਕਰਤਾ ਕਵੀ ਸੰਤੋਖ ਸਿੰਘ ਆਦਿ ਗ੍ਰੰਥਾਂ ਦਾ ਵਿਸਥਾਰ ਵਿਚ ਅਧਿਅਨ ਕਰਕੇ ਆਪਣੀ ਪੰਜ ਸੈਂਚੀਆਂ ਵਾਲੀ ਲਿਖਤ "ਸਿੱਖ ਇਤਿਹਾਸ ਦੇ ਸੋਮੇ" ਵਿਚ ਅਜਿਹੀਆਂ ਮਿਸਾਲਾ ਦਿੱਤੀਆਂ ਵੀ ਹਨ ।

ਸੋ ਇਹ ਨਹੀਂ ਕਿਹਾ ਜਾ ਸਕਦਾ ਕਿ ਸਿੱਖ ਭਾਈਚਾਰੇ ਦੇ ਮੋਹਤਬਾਰਾਂ ਨੂੰ ਇਹਨਾਂ ਗੱਲਾਂ ਦਾ ਪਤਾ ਨਹੀਂ । ਜੇ ਪਤਾ ਹੋਣ ਦੇ ਬਾਵਜੂਦ ਵੀ ਇਹਨਾਂ ਦੇ ਖਿਲਾਫ ਅਵਾਜ਼ ਨਹੀਂ ਉਠਾਈ ਜਾ ਰਹੀ ਤਾਂ ਸਪੱਸ਼ਟ ਹੈ ਕਿ ਸਿੱਖ ਗੁਰੂਆਂ ਵਲੋਂ ਆਪਣੀਆਂ ਮਹਾਨ ਸਿਖਿਆਵਾਂ ਰਾਹੀਂ ਸ਼ੁਰੂ ਕੀਤੇ ਗਏ ਏਕੀਕਰਨ ਦੇ ਅਮਲ ਨੂੰ ਪੁੱਠਾ ਗੇੜਾ"ਸੈਂਕੜੇ ਸਾਲ ਪਹਿਲਾਂ ਮਿਲ ਚੁੱਕਾ ਸੀ । ਇਸ ਪੁਠੇ ਗੇੜੇ ਨੂੰ ਜਾਂ "ਭਾਰਤੀ ਸਮਾਜ ਨੂੰ ਸੈਂਕੜੇ ਸਾਲ ਪਿੱਛੇ ਧੱਕ ਦੇਣ ਨੂੰ" ਕਿਸੇ ਵੀ ਤਰ੍ਹਾਂ "ਰੀਜ਼ਰਵੇਸ਼ਨ" ਨਾਲ ਨਹੀਂ ਜੋੜਿਆ ਜਾ ਸਕਦਾ, ਜਿਵੇਂ ਕਿ ਮਨਜੀਤ ਸਿੰਘ ਅਤੇ ਹਰਮਿੰਦਰ ਸਿੰਘ ਸੰਧੂ ਕਰ ਰਹੇ ਹਨ । ਇਹ ਗੇੜਾ ਉਦੋਂ ਹੀ ਸ਼ੁਰੂ ਹੋ ਗਿਆ ਸੀ, ਜਦੋਂ ਜਾਤ-ਪਾਤ ਨੂੰ ਉਤਸ਼ਾਹਤ ਕਰਨ ਵਾਲੇ ਕਥਨ ਗੁਰੂ ਸਾਹਿਬਾਂ ਦੇ ਨਾਂਅ ਨਾਲ ਜੋੜ ਦਿੱਤੇ ਗਏ ਸਨ ਅਤੇ ਸਿੱਖ ਭਾਈਚਾਰੇ ਦੇ ਆਗੂਆਂ ਨੇ ਇਹਨਾਂ ਨੂੰ ਚੁਪ-ਸ਼ਹਿ ਦੇ ਦਿੱਤੀ ਸੀ ।

ਸਮਾਜਿਕ ਖੇਤਰ

ਕੌਣ ਸਿੱਖ ਹੁੰਦੇ ਹੋ ਭਾਈ ?
ਜੀ ਮੈਂ ਅਰੋੜਾ ਇਹ ਹੈ ਨਾਈ ।
ਤੇਰੀ ਸਿੰਘਾ ਕੀ ਜਾਤ ?
ਨਾਮੀ ਵੰਸ਼ੀ ਮੈਂ ਹਾਂ ਭਰਾਤ ।
ਤੇਰਾ ਜਨਮ ਕਿਨ੍ਹਾਂ ਦੇ ਘਰ ਦਾ ?
ਮੈਂ ਜੀ ਮਹਿਰਾ ਪਾਣੀ ਭਰਦਾ ।

ਪ੍ਰਸਿੱਧ ਵਿਦਵਾਨ ਭਾਈ ਦਿੱਤ ਸਿੰਘ ਵਲੋਂ ਵਿਅੰਗ-ਮਈ ਅੰਦਾਜ਼ ਵਿਚ ਲਿਖਿਆ ਗਿਆ ਇਹ ਬੰਦ ਸਿੱਖ ਭਾਈ-ਚਾਰੇ ਅੰਦਰਲੀ ਜਾਤ-ਪਾਤ ਦੀ ਕੌੜੀ ਹਕੀਕਤ ਨੂੰ ਜ਼ੋਰ ਨਾਲ ਉਭਾਰ ਕੇ ਪੇਸ਼ ਕਰ ਦੇਂਦਾ ਹੈ । ਇਹ ਬੰਦ ਕੋਈ "ਰੀਜ਼ਰਵੇਸ਼ਨ" ਨਾਲ ਮਿਲੇ ਕਥਿਤ "ਪੁੱਠੇ ਗੇੜੇ" ਤੋਂ ਬਾਅਦ ਦਾ ਨਹੀਂ, ਇਸ ਸਦੀ ਦੇ ਸ਼ੁਰੂ ਦਾ ਹੈ । ਕੀ ਕੋਈ ਇਸ ਬੰਦ ਵਿਚ ਉਭਰ ਰਹੀ ਹਕੀਕਤ ਤੋਂ ਇਨਕਾਰ ਕਰ ਸਕਦਾ ਹੈ ?

ਸ੍ਰੀ ਗੁਰੂ ਅਮਰ ਦਾਸ ਜੀ ਦਾ ਭੈਰਉ ਰਾਗ ਅੰਦਰ ਫੁਰਮਾਣ ਹੈ :

ਜਾਤਿ ਦਾ ਗਰਬੁ ਨਾ ਕਰਿ ਮੂਰਖ ਗਵਾਰਾ,
ਇਸ ਗਰਬ ਤੇ ਚਲਹਿ ਬਹੁਤ ਵਿਕਾਰਾ ॥

ਪਰ ਕੀ ਗੁਰੂ ਸਾਹਿਬ ਦੀ ਇਸ ਸਿੱਖਿਆ ਦੇ ਉਲਟ ਉੱਚ-ਜਾਤੀ ਸਿੱਖਾਂ ਅੰਦਰ ਜਾਤ ਅਭਿਮਾਨ ਜ਼ੋਰਾਂ 'ਤੇ ਨਹੀਂ ਹੈ ? "ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ" ਦੇ ਸਕੱਤਰ ਸ: ਨਰੈਣ ਸਿੰਘ ਨੇ ਦਰੁਸਤ ਲਿਖਿਆ ਹੈ, "ਜੋ ਸਚਾਈ ਨੂੰ ਵੇਖਦਾ ਸਮਝਦਾ ਹੋਇਆ ਉਸ ਨੂੰ ਮੰਨਣ ਤੋਂ ਇਨਕਾਰ ਕਰਦਾ ਹੈ ਉਸ ਨੂੰ ਮੂਰਖਾਂ ਸਿਰ ਮੂਰਖ ਕਹਿਣਾ ਚਾਹੀਦਾ ਹੈ। ......ਵਰਨਾਸ਼ਰਮੀ ਮਰਿਯਾਦਾ ਸਾਡੇ ਅੰਦਰ ਪਹਿਲੇ ਵਾਂਗ ਹੀ ਘਰ ਕਰ ਚੁੱਕੀ ਹੈ । ਅਸੀਂ 'ਵਾਹਿਗੁਰੂ ਜੀ ਕਾ ਖਾਲਸਾ' ਹੋਣ ਤੋਂ ਪਹਿਲਾਂ ਸੋਢੀ, ਬੇਦੀ, ਭੱਲੇ, ਜੱਟ, ਖੱਤਰੀ, ਅਰੋੜੇ ਆਦਿ ਹਾਂ । ਸਾਨੂੰ ਹਰ ਕੋਈ ਬਾਜਵੇ, ਸਿੱਧੂ, ਗਿੱਲ, ਢਿਲੋਂ ਆਦਿ ਕਰਕੇ ਜਾਣਦਾ ਤੇ ਬੁਲਾਉਂਦਾ ਹੈ......ਵੇਖਣ ਨੂੰ ਇਹ ਗੱਲ ਮਾਮੂਲੀ ਲਗਦੀ ਹੋਵੇਗੀ ਅਤੇ ਅਸੀਂ ਕਹਾਂਗੇ ਕਿ ਅਸੀਂ ਆਪਣੇ ਨਾਮ ਨਾਲ ਜਾਤ ਗੋਤ ਕੇਵਲ ਪਿਤਾ-ਪੁਰਖੀ

ਪਹਿਚਾਣ(Distinction) ਦੇਣ ਲਈ ਵਰਤਦੇ ਹਾਂ, ਪਰ ਜੇ ਅਸੀਂ ਆਪਣੇ ਗਿਰੇਬਾਨ ਅੰਦਰ ਮੂੰਹ ਪਾ ਕੇ ਆਪਣੇ ਹਿਰਦੇ ਪਾਸੋਂ ਸੱਚ ਪੁੱਛੀਏ ਤਾਂ ਸਾਨੂੰ ਅੰਦਰੋਂ ਆਵਾਜ਼ ਆਏਗੀ ਕਿ ਅਸੀਂ ਆਪਣੇ ਆਪ ਨੂੰ ਸ਼ੇਰ ਗਿੱਲ, ਰੰਧਾਵਾ, ਸੋਢੀ, ਸੰਧੂ ਆਦਿ ਇਸ ਲਈ ਕਹਾਉਂਦੇ ਹਾਂ ਕਿ ਸਾਨੂੰ ਇਨ੍ਹਾਂ ਜਾਤਾਂ ਨਾਲ ਸਬੰਧਤ ਹੋਣ ਦਾ ਮਾਣ ਹੈ। ਇਹ ਮਾਣ ਗੰਭੀਰ ਫੋੜੇ ਵਤ ਸਾਡੇ ਅੰਦਰ ਫੁੱਟ ਚੁੱਕਾ ਹੈ ਜੋ ਸਹਿਜੇ ਸਹਿਜੇ ਸਾਨੂੰ ਹੀ ਨਹੀਂ ਖਾ ਜਾਏਗਾ ਬਲਕਿ ਸਾਰੀ ਕੌਮ ਨੂੰ ਲੀਰੋ ਲੀਰ ਕਰਕੇ ਹਸਤੀ ਤੋਂ ਮੇਟ ਦੇਵੇਗਾ''

ਉੱਚ ਜਾਤੀ ਸਿੱਖਾਂ ਅੰਦਰ ਜਾਤ ਅਭਿਮਾਨ ਦੀ ਜਿਹੜੀ ਇਹ ਤਸਵੀਰ ਸ: ਨਰੈਣ ਸਿੰਘ ਹੋਰਾਂ ਖਿੱਚੀ ਹੈ, ਕੀ ਕੋਈ ਇਸਤੋਂ ਇਨਕਾਰ ਕਰ ਸਕਦਾ ਹੈ ?

ਕੀ ਇਹ ਸੱਚ ਨਹੀਂ ਕਿ ਪਿੰਡਾਂ ਅੰਦਰਲੇ ''ਸਿੱਖ ਸਰਦਾਰਾਂ'' ਅਤੇ ਦਲਿਤਾਂ ਦਰਮਿਆਨ ਸਮਾਜਕ ਮੇਲ ਜੋਲ ਬਹੁਤ ਹੀ ਘੱਟ ਹੈ ? ਕੀ ਇਹ ਸੱਚ ਨਹੀਂ ਕਿ ਦਲਿਤ ਸਿੱਖ, ਪਿੰਡਾਂ ਦੀਆਂ ਨੁੱਕਰਾਂ 'ਤੇ ਸਥਿੱਤ ਵੱਖਰੀਆਂ ਬਸਤੀਆਂ ਵਿਚ ਰਹਿੰਦੇ ਹਨ—ਜਿਹਨਾਂ ਨੂੰ ਮਾਝੇ ਵਿਚ ਨਫ਼ਰਤ ਨਾਲ ਠੱਠੀਆਂ ਅਤੇ ਦੁਆਬੇ ਵਿਚ ''ਚਮਾਲੜੀਆ'' ਕਿਹਾ ਜਾਂਦਾ ਹੈ—ਅਤੇ ''ਸਿੱਖ ਸਰਦਾਰ'' ਵੱਖਰੀਆਂ ਬਸਤੀਆਂ ਵਿਚ ? ਜੇ ਗੁਰੂ ਸਾਹਿਬ ਵੱਲੋਂ ਸ਼ੁਰੂ ਕੀਤੇ ਗਏ ਜਾਤ-ਪਾਤ ਤੋੜਨ ਦੇ ਅਮਲ ਨੂੰ ਬਾਅਦ ਦੇ ਸਿੱਖਾਂ ਨੇ ਸਚਮੁੱਚ ਹੀ ਅੱਗੇ ਵਧਾਇਆ ਹੈ ਤਾਂ ਪੰਜ ਸਦੀਆਂ ਬਾਅਦ ਵੀ ''ਠੱਠੀਆਂ'' ਅਤੇ ''ਚਮਾਲੜੀਆਂ'' ਦੀ ਹੋਂਦ ਦੇ ਕੀ ਕਾਰਨ ਹਨ ? ਕੀ ਦਲਿਤ ਸਿੱਖਾਂ ਲਈ ਵੱਖਰੀਆਂ ਬਸਤੀਆਂ ਦੀ ਹੋਂਦ ਹੀ ਆਪਣੇ ਆਪ ਵਿਚ ਇਕ ਬਹੁਤ ਵੱਡੀ ਲਾਹਨਤ ਨਹੀਂ ਹੈ ?

ਜਾਤ-ਪਾਤ ਨਾਲ ਗ੍ਰਸੇ ਕਿਸੇ ਵੀ ਭਾਈਚਾਰੇ ਅੰਦਰ ਸਮਾਜਕ ਮੇਲ-ਜੋਲ ਜਾਂ ''ਏਕੀਕਰਨ ਦਾ ਅਮਲ'' ਕਿਸ ਹੱਦ ਤੱਕ ਵੱਧ ਗਿਆ ਹੈ ਇਸ ਦੀ ਸਭ ਤੋਂ ਵੱਡੀ ਕਸਵੱਟੀ ਵਿਆਹ-ਸ਼ਾਦੀਆਂ ਹੁੰਦੀਆਂ ਹਨ। ਕੀ ਇਹ ਸੱਚ ਨਹੀਂ ਕਿ ਸਿੱਖ ਭਾਈਚਾਰਾ ਇਸ ਕਸਵੱਟੀ ਦੇ ਨੇੜੇ-ਤੇੜੇ ਵੀ ਨਹੀਂ ਪਹੁੰਚਦਾ ? ਕੀ ਵਿਚੋਲਿਆਂ ਰਾਹੀਂ ਹੋਣ ਵਾਲੇ ਵਿਆਹਾਂ ਸਮੇਂ ਸਭ ਤੋਂ ਪਹਿਲਾਂ ਜਾਤ ਨਹੀਂ ਪੁੱਛੀ ਜਾਂਦੀ ? ਕੀ ਇਕ ਵੀ ਅਜਿਹੀ ਮਿਸਾਲ ਦਿੱਤੀ ਜਾ ਸਕਦੀ ਹੈ, ਜਦੋਂ ਕਿਸੇ ਉਚ-ਜਾਤੀ ਵਾਲੇ ਸਿੱਖ ਨੇ ਖੁਸ਼ੀ ਨਾਲ ਆਪਣੀ ਧੀ ਦਾ ਕਿਸੇ ਦਲਿਤ ਸਿੱਖ ਮੁੰਡੇ ਨਾਲ ਵਿਆਹ ਕੀਤਾ ਹੋਵੇ ? ਹਾਂ, ਉਪਰਲੀਆਂ ਅਤੇ ਦਰਮਿਆਨੀਆਂ ਜਾਤਾਂ ਦੇ ਮੁੰਡੇ ਕੁੜੀਆਂ ਵੱਲੋਂ ਆਪਣੀ ਮਰਜ਼ੀ ਨਾਲ ਪ੍ਰੇਮ ਵਿਆਹ ਕਰਵਾਉਣ ਦੇ ਜ਼ਰੂਰ ਕੁਝ ਕੇਸ ਸਾਹਮਣੇ ਆਏ ਹਨ। ਪਰ ਕੀ ਇਹਨਾਂ ਟੁਟਵੇਂ ਕੇਸਾਂ ਦੇ ਆਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਵਿਆਹ-ਸ਼ਾਦੀਆਂ ਦੇ ਮਾਮਲੇ ਵਿਚ ਹੁਣ ਸਿੱਖਾਂ ਅੰਦਰ ਜਾਤ-ਪਾਤ ਕੋਈ ਅੜਿਕਾ ਨਹੀਂ ਰਹੀ ? ਕਦਾਚਿਤ ਨਹੀਂ।

''ਸਿੱਖ ਇਨਕਲਾਬ'' ਪੁਸਤਕ ਦੇ ਪ੍ਰਸਿੱਧ ਲੇਖਕ ਸ: ਜਗਜੀਤ ਸਿੰਘ ਨੇ ਇਕ ਥਾਂ ਲਿਖਿਆ ਹੈ, ''ਅੰਮ੍ਰਿਤ-ਸਰ ਜ਼ਿਲੇ ਦੀ ਤਰਨ ਤਾਰਨ ਤਹਿਸੀਲ ਦੇ ਪਿੰਡ ਡਾਲੇ ਕੇ ਦੇ ਗੁਰਦਵਾਰੇ ਜਦੋਂ ਇਕ ਸਬੱਬੀ ਆਇਆ ਉਪਦੇਸ਼ਕ ਪਰਚਾਰ ਕਰ ਰਿਹਾ ਸੀ ਕਿ ਸਿੱਖਾਂ ਵਿਚ ਜਾਤ-ਪਾਤ ਨਹੀਂ ਹੋਣੀ ਚਾਹੀਦੀ ਤਾਂ ਇਕ ਮਜ਼ਹਬੀ ਸਿੱਖ ਨੇ ਉੱਠ ਕੇ ਪੁੱਛਿਆ...ਕੀ ਕੋਈ ਆਪਣੀ ਧੀ ਉਸਦੇ ਪੁੱਤਾਂ ਨੂੰ ਵਿਹਾਉਣ ਲਈ ਤਿਆਰ ਹੈ ਤਾਂ ਸਭ ਚੁੱਪ ਹੋ ਗਏ।'' ਸ: ਜਗਜੀਤ ਸਿੰਘ ਅੱਗੇ ਲਿਖਦੇ ਹਨ ''ਡਾਲ ਕੇ ਦੇ ਸਿੱਖਾਂ ਨੇ ਤਾਂ ਮੋਨ ਧਾਰਕੇ ਵਕਤ ਟਪਾ ਲਿਆ ਪਰ ਸਿੱਖ ਸਮਾਜ ਨੂੰ ਮਜ਼ਹਬੀ ਸਿੰਘ ਦੇ ਇਸ ਸਵਾਲ ਨੂੰ ਹੱਲ ਕਰਨਾ ਹੀ ਪਵੇਗਾ। ਇਹ ਹੈ ਜਾਤ-ਪਾਤੀ ਸਮਾਜ ਵੱਲੋਂ ਆਇਆ, ਸਿੱਖ ਸਮਾਜ ਉਤੇ ਲੱਗਾ ਸਭ ਤੋਂ ਵੱਡਾ ਕਲੰਕ। ਕਲੰਕ ਤਾਂ ਕਲੰਕ ਹੀ ਹੁੰਦਾ ਹੈ ਅਤੇ ਕਿਸੇ ਨੂੰ ਛੋਟਾ ਨਹੀਂ ਮਿਥਿਆ ਨਹੀਂ ਜਾ ਸਕਦਾ। ਇਸ ਕਲੰਕ ਨੂੰ ਸਭ ਤੋਂ ਵੱਡਾ ਕਲੰਕ ਇਸ ਲਈ ਆਖਿਆ ਗਿਆ ਹੈ ਕਿਉਂਕਿ ਮਜ਼ਹਬੀ ਸਿੰਘਾਂ ਦੀ ਗਿਣਤੀ ਵਧੇਰੇ ਹੋਣ ਕਰਕੇ ਇਸ ਦਾ ਆਕਾਰ ਵੱਡਾ ਹੈ।''

(ਚਲਦਾ)

(ਲੇਖ ਲੰਬਾ ਹੋਣ ਕਰਕੇ ਬਾਕੀ ਹਿੱਸਾ ਅਗਲੇ ਅੰਕ ਵਿਚ ਦਿੱਤਾ ਜਾਵੇਗਾ)

ਇਕ ਦਲਿਤ ਵਿਦਵਾਨ ਦੀ ਆਤਮ ਕਥਾ 'ਚੋਂ

...ਜਿਸ ਪਿੰਡ ਵਿਚ ਬਚਪਨ ਗੁਜ਼ਾਰਿਆ, ਤਰਖਾਣਾ ਦੇ ਮੁੰਡੇ ਸਾਥੀ ਬੇਲੀ ਸਨ, ਪਰ ਉਹਨਾਂ ਦੀਆਂ ਮਾਂਵਾਂ ਭਾਂਡਿਆਂ ਨੂੰ ਹੱਥ ਨਾ ਲਾਉਣ ਦੇਂਦੀਆਂ। ਰਸੋਈ ਵੱਲ ਨਾ ਜਾਣ ਦੇਂਦੀਆਂ...ਇਕ ਵਾਰ ਭੁਲ ਭੁਲੇਖੇ ਨਾਲ ਪੜਦੇ ਇਕ ਮੁੰਡੇ ਨੇ ਲੱਸੀ ਪਿਆ ਦਿੱਤੀ, ਪ੍ਰੰਤੂ ਉਸ ਦੀ ਮਾਂ ਨੇ ਮੇਰਾ ਗਲਾਸ ਚਿਮਟੇ ਨਾਲ ਚੁੱਕਕੇ ਚੁਲੇ ਵਿਚ ਸੁੱਟ ਦਿੱਤਾ। ਇਕ ਗੁਆਂਢਣ ਜੱਟੀ ਸਾਰੀ ਦਿਹਾੜੀ ਸਾਡੇ ਘਰ ਨਲੀਆਂ ਵੱਟਦੀ ਪ੍ਰੰਤੂ ਪਾਣੀ ਆਪਣੇ ਘਰ ਪੀਕੇ ਆਉਂਦੀ...ਗੁਰਦਵਾਰੇ ਦੇ ਲੰਗਰ ਵਿਚੋਂ ਇਕ ਤਰਖਾਣ ਨੇ ਮੈਨੂੰ ਬਾਹਰ ਕੱਢ ਦਿੱਤਾ ਸੀ। ਲੋਪੋ ਵਾਲੇ ਸਾਧ ਦੇ ਡੇਰੇ, ਪਹਿਲਾਂ ਜਾਤ ਪੁੱਛੀ ਜਾਂਦੀ। ਛੋਟੀਆਂ ਜਾਤਾਂ ਲਈ ਲੰਗਰ ਦੇ ਭਾਂਡਿਆਂ ਦਾ ਟੋਕਰਾ ਵੱਖਰਾ ਹੁੰਦਾ। ਤਖਤੂਪੁਰੇ ਲਗਾਏ ਲੰਗਰ ਵਿਚ ਜਦੋਂ ਮੈਂ ਰੋਟੀ ਦਾਲ ਵਰਤਾਉਣ ਲੱਗਾ ਸੀ ਤਾਂ ਮੈਨੂੰ ਇਕ ਜਾਨਦਾਰ ਜੱਟ ਨੇ ਹਟਾਕੇ, ਭੱਠੀ 'ਚ ਝੋਕਾ ਲਾਉਣ ਤੇ ਲਗਾ ਦਿੱਤਾ...ਸਾਡੇ ਹੀ ਘਰ ਪਾਠ ਤੇ ਕੀਰਤਨ ਕਰਨ ਵਾਲੇ ਕੂਕਿਆਂ ਨੇ ਪੈਸੇ ਫੜ ਕੇ ਤਾਂ ਜੇਬ 'ਚ ਪਾ ਲਏ ਪਰੰਤੂ ਦੇਗ ਨਹੀਂ ਲਈ। ਮਾਸੀ ਦੇ ਘਰ ਪਾਠੀ ਨੇ ਆਪ ਦੇਗ ਬਣਾ ਕੇ ਬਾਕੀਆਂ ਨੂੰ ਵਰਤਾ ਦਿੱਤੀ ਪ੍ਰੰਤੂ ਆਪ ਨਹੀਂ ਖਾਧੀ।

(''ਭਾਰਤੀ ਲੋਕ ਨੀਚ ਕਿਵੇਂ ਬਣੇ'' ਦੀ ਭੂਮਿਕਾ ਵਿਚੋਂ, ਲੇਖਕ ਗੁਰਨਾਮ ਸਿੰਘ)

ਸਰਕਾਰ ਨੂੰ ਮੇਰੇ ਸਵੈਮਾਣ ਨਾਲ ਖੇਡਣ ਦਾ ਕੋਈ ਹੱਕ ਨਹੀਂ

— ਰੂਪਨ ਦਿਓਲ ਬਜਾਜ —

[ਪਿਛਲੇ ਦਿਨੀਂ ਪੁਲਿਸ ਮੁਖੀ ਕੇ. ਪੀ. ਐੱਸ. ਗਿੱਲ ਵਲੋਂ ਪੰਜਾਬ ਸਰਕਾਰ ਦੀ ਇਕ ਉੱਚ-ਅਧਿਕਾਰੀ ਰੂਪਨ ਦਿਓਲ ਬਜਾਜ ਨਾਲ ਕੀਤੀ ਗਈ ਇਖ਼ਲਾਕ ਤੋਂ ਗਿਰੀ ਹੋਈ ਕਾਰਵਾਈ ਨਾ ਸਿਰਫ ਪੰਜਾਬ ਦੀਆਂ ਅਖਬਾਰਾਂ ਵਿਚ ਹੀ, ਸਗੋਂ ਦੇਸ਼ ਭਰ ਦੀਆਂ ਔਰਤਾਂ ਦੀਆਂ ਹੱਕਾਂ ਲਈ ਜੂਝ ਰਹੀਆਂ ਜਥੇਬੰਦੀਆਂ ਅੰਦਰ ਵੀ ਚਰਚਾ ਦਾ ਭਖਵਾਂ ਵਿਸ਼ਾ ਬਣੀ ਸੀ। ਜਿਹੜੀਆਂ ਔਰਤ ਜਥੇਬੰਦੀਆਂ ਅਜੇ ਤੱਕ ਸਰਕਾਰ ਦੇ ਕਿਰਦਾਰ ਨੂੰ ਨਹੀਂ ਸਮਝਣ ਲੱਗੀਆਂ, ਉਹਨਾਂ ਨੂੰ ਉਮੀਦ ਸੀ ਕਿ ਸਰਕਾਰ ਜ਼ਰੂਰ ਹੀ ਗਿੱਲ ਦੇ ਖ਼ਿਲਾਫ ਕੁਝ ਕਾਰਵਾਈ ਕਰੇਗੀ ਤਾਂਕਿ ਅਗਾਂਹ ਤੋਂ ਕਿਸੇ ਨੂੰ ਵੀ ਕਿਸੇ ਵੀ ਔਰਤ ਦੇ ਸਵੈਮਾਣ ਨੂੰ ਹੱਥ ਪਾਉਣ ਦੀ ਹਿੰਮਤ ਨਾ ਪੈ ਸਕੇ। ਪਰ ਸਰਕਾਰ ਨੇ ਗਿੱਲ ਦੇ ਖ਼ਿਲਾਫ ਕੋਈ ਐਕਸ਼ਨ ਲੈਣ ਦੀ ਥਾਂ ਆਪਣੀ ਸਾਰੀ ਸ਼ਕਤੀ ਉਸ ਨੂੰ ਬਚਾਉਣ ਲਈ ਝੋਕ ਦਿੱਤੀ ਹੈ। ਸਿਰਫ ਇਸ ਕਰਕੇ ਕਿ ਉਹ ਸਿੱਖ ਨੌਜਵਾਨਾਂ ਦਾ ਬੜੀ ਕਾਮਯਾਬੀ ਨਾਲ ਘਾਤ ਕਰ ਰਿਹਾ ਹੈ। ਰੂਪਨ ਦਿਓਲ ਬਜਾਜ ਦਾ ਕੇਸ ਕਿਸੇ ਇਕੱਲੀ ਇਕਹਿਰੀ ਔਰਤ ਦੇ ਸਵੈਮਾਣ ਦਾ ਮਸਲਾ ਨਹੀਂ,. ਸਗੋਂ ਸਮੁੱਚੀ ਔਰਤ ਜਾਤ ਦੀ ਗੈਰਤ ਦਾ ਮਸਲਾ ਹੈ। ਕਿਉਂਕਿ ਜੇ ਰੂਪਨ ਦਿਓਲ ਬਜਾਜ ਵਰਗੀ ਇਕ ਚੋਟੀ ਦੀ ਅਫਸਰ ਨਾਲ ਕੋਈ ਪੁਲਿਸ ਅਧਿਕਾਰੀ ਅਜਿਹੀ ਇਖ਼ਲਾਕ ਤੋਂ ਗਿਰੀ ਹੋਈ ਹਰਕਤ ਕਰਕੇ ਸਾਫ ਬਚ ਸਕਦਾ ਹੈ ਤਾਂ ਸਪੱਸ਼ਟ ਹੈ ਕਿ ਪੰਜਾਬ ਦੀ ਕੋਈ ਵੀ ਔਰਤ ਪੁਲਸੀਆਂ ਹੱਥੋਂ ਸੁਰੱਖਿਅਤ ਨਹੀਂ ਹੈ। ਸਰਕਾਰ ਨੇ ਗਿੱਲ ਦੀ ਪਿੱਠ ਪੂਰਕੇ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਪੰਜਾਬ ਦੀ ਸਮੁੱਚੀ ਔਰਤ ਜਾਤ ਦੀ ਗੈਰਤ ਸਿੱਖ ਨੌਜਵਾਨਾਂ ਵਿਰੁੱਧ ਕਾਤਲੀ ਮੁਹਿੰਮ ਦੇ ਦਾਅ 'ਤੇ ਲਾਉਣ ਲਈ ਤਿਆਰ ਹੈ। ਸਮੁੱਚੇ ਪੰਜਾਬੀ ਭਾਈਚਾਰੇ ਨੂੰ ਸਰਕਾਰ ਦੇ ਇਸ ਚੈਲਿੰਜ ਨੂੰ ਸਵੀਕਾਰ ਕਰਦਿਆ ਹੋਇਆਂ ਇਸ ਦਾ ਮੂੰਹ-ਤੋੜ ਜਵਾਬ ਦੇਣਾ ਚਾਹੀਦਾ ਹੈ। ਹੇਠਾਂ ਅਸੀਂ ਇਸ ਕੇਸ ਸਬੰਧੀ ਰੂਪਨ ਦਿਓਲ ਬਜਾਜ ਦੀ ਇਕ ਮਹੱਤਵਪੂਰਨ ਗੱਲ-ਬਾਤ ਛਾਪ ਰਹੇ ਹਾਂ, ਜੋ ਅੰਗਰੇਜ਼ੀ ਸਪਤਾਹਿਕ "ਸੰਡੇ ਆਬਜ਼ਰਵਰ" ਦੇ 4 ਜੂਨ, 1989 ਦੇ ਅੰਕ ਵਿਚ ਛਪੀ ਹੈ —ਸੰਪਾਦਕ]

ਸਵਾਲ : ਤੁਹਾਡੇ ਵਲੋਂ ਪੁਲਿਸ ਮੁਖੀ ਕੇ. ਪੀ. ਐੱਸ. ਗਿੱਲ ਦੇ ਖਿਲਾਫ ਦਰਜ ਕਰਵਾਈ ਗਈ ਐੱਫ. ਆਈ. ਆਰ. ਹਾਈ ਕੋਰਟ ਨੇ ਰੱਦ ਕਰ ਦਿੱਤੀ ਹੈ, ਇਸ ਬਾਰੇ ਤੁਹਾਡਾ ਕੀ ਪ੍ਰਤੀਕਰਮ ਹੈ ?

ਜਵਾਬ : ਜੱਜ ਨੇ ਐੱਫ. ਆਈ. ਆਰ. ਨੂੰ ਰੱਦ ਕਰਦਿਆਂ ਸਿਰਫ਼ ਇਕ ਸ਼ਬਦ ਦਾ ਫ਼ੈਸਲਾ ਸੁਣਾਇਆ। ਉਸ ਦੀਆਂ ਪੂਰੀਆਂ ਦਲੀਲਾਂ ਅਜੇ ਸਾਹਮਣੇ ਆਉਣੀਆਂ ਹਨ। ਮੈਂ ਤਾਂ ਇਹ ਕਹਾਂਗੀ ਕਿ ਇਹ ਫ਼ੈਸਲਾ ਮੰਨਣਯੋਗ ਨਹੀਂ ਹੈ। ਮੈਨੂੰ ਲੱਗਦਾ ਹੈ ਕਿ ਜੱਜ ਮੁਤਾਬਿਕ ਕਿਉਂਕਿ ਸਜ਼ਾ ਦੀ ਕੋਈ ਸੰਭਾਵਨਾ ਨਹੀਂ ਹੈ, ਇਸ ਲਈ ਕੇਸ ਨੂੰ ਅਦਾਲਤਾਂ ਵਿਚ ਲਮਕਾਉਣ ਦਾ ਕੀ ਫੈਦਾ। ਮੈਨੂੰ ਦੱਸਿਆ ਗਿਆ ਕਿ ਕੋਰਟ ਮਹਿਸੂਸ ਕਰਦੀ ਹੈ ਕਿ ਭਾਵੇਂ ਗਿੱਲ ਦੀ ਕਾਰਵਾਈ ਜੁਰਮ ਬਣਦੀ ਹੈ ਪਰ ਇਹ ਬਹੁਤ ਮਾਮੂਲੀ ਜਿਹਾ ਮਾਮਲਾ ਹੈ। ਮੈਂ ਇਹ ਵੀ ਦੱਸ ਦਿਆਂ ਕਿ ਮੈਨੂੰ ਇਹੋ ਜਿਹੇ ਫ਼ੈਸਲੇ ਦੀ ਹੀ ਉਮੀਦ ਸੀ ਕਿਉਂਕਿ ਜਿਸ ਤਰ੍ਹਾਂ ਪਹਿਲੇ ਦਿਨ ਤੋਂ ਹੀ ਸਰਕਾਰ ਮੇਰੀ ਸ਼ਿਕਾਇਤ ਨੂੰ ਲੈ ਰਹੀ ਸੀ, ਉਸ ਤੋਂ ਅਜਿਹਾ ਹੀ ਲੱਗਦਾ ਸੀ। ਪਰ ਮੈਂ ਕਾਨੂੰਨ ਨੂੰ ਵੀ ਕਾਫੀ ਪੜ੍ਹਿਆ ਹੈ, ਇਸ ਲਈ ਮੈਂ ਇਸ ਫ਼ੈਸਲੇ ਨੂੰ ਮੰਨਣ ਨਹੀਂ ਲੱਗੀ।

ਸਵਾਲ : ਕੀ ਤੁਸੀਂ ਇਹ ਕਹਿਣਾ ਚਾਹੋਗੇ ਕਿ ਫ਼ੈਸਲਾ ਸਿਆਸਤ ਤੋਂ ਪ੍ਰਭਾਵਿਤ ਹੋ ਕੇ ਕੀਤਾ ਗਿਆ ਹੈ ?

ਜਵਾਬ : ਉਹਨਾਂ ਆਪਣੀ ਵਲੋਂ ਹਾਲਤ ਮੁਤਾਬਿਕ ਹੀ ਫ਼ੈਸਲਾ ਕੀਤਾ ਹੈ ਪਰ ਮੇਰਾ ਸੁਪਰੀਮ ਕੋਰਟ ਵਿਚ ਅਜੇ ਵੀ ਯਕੀਨ ਹੈ। ਜਿਨਾਂ ਚਿਰ ਮੈਂ ਸਾਰੇ ਅਦਾਰਿਆਂ ਨੂੰ ਅਜ਼ਮਾ ਨਹੀਂ ਲੈਂਦੀ ਓਨਾਂ ਚਿਰ ਮੇਰਾ ਉਹਨਾਂ ਵਿਚ ਵਿਸ਼ਵਾਸ ਰਹੇਗਾ।

ਜੇ ਮੇਰੀ ਸਮਾਜੀ ਪੁਜ਼ੀਸ਼ਨ ਨੀਵੀਂ ਹੁੰਦੀ ਜਾਂ ਜੇ ਮੇਰੇ ਵਿਚ ਹੌਂਸਲੇ ਦੀ ਘਾਟ ਹੁੰਦੀ ਤਾਂ ਸ਼ਾਇਦ ਮੈਂ ਘਟਨਾ ਬਾਰੇ ਬੋਲ ਨਾ ਸਕਦੀ। ਜੋ ਕੁਝ ਵੀ ਮੇਰੇ ਨਾਲ ਬੀਤੇਗੀ, ਉਸ ਨੂੰ ਮੈਂ ਝੱਲਾਂਗੀ। ਪਹਿਲਾਂ ਵੀ ਝੱਲਿਆ ਹੈ। ਮੈਂ ਗਿੱਲ ਨੂੰ ਇਕ ਵਾਰੀ ਨਹੀਂ ਪੰਜ ਵਾਰੀ ਝਾੜਿਆ ਸੀ, ਪਰ ਉਹ ਹਟਿਆ ਹੀ ਨਾ। ਆਮ ਤੌਰ 'ਤੇ ਇਹ ਹੁੰਦਾ ਹੈ ਕਿ ਜੇ ਤੁਸੀਂ ਕਿਸੇ ਬੰਦੇ ਨੂੰ ਇਕ ਵਾਰ ਹੀ ਝਾੜ ਦਿਓ ਤਾਂ ਉਸਨੂੰ ਧਰਤੀ ਵਿਹਲ ਨਹੀਂ ਦੇਂਦੀ। ਉਹਦਾ ਜੀਅ ਕਰਦਾ ਹੈ ਕਿ ਉਹ ਕਿਧਰੇ ਧਰਤੀ ਵਿਚ ਹੀ ਛੁਪ ਜਾਵੇ। ਮੇਰੀ ਵੀਹ ਸਾਲ ਦੀ ਸਰਵਿਸ ਹੋਣ ਲੱਗੀ ਹੈ। ਮੈਂ ਐਵੇਂ ਹੀ ਕਿਸੇ ਨਾਲ ਪੰਗਾ ਨਹੀਂ ਲੈਣ ਲੱਗੀ। ਉਸੇ ਪਾਰਟੀ ਵਿਚ ਉਹਨੇ ਇਕ ਹੋਰ ਔਰਤ ਨਾਲ ਦੁਰਵਿਹਾਰ ਕੀਤਾ ਸੀ। ਇਸ ਘਟਨਾ ਤੋਂ ਮਹੀਨਾ ਕੁ ਪਹਿਲਾਂ ਵੀ ਉਸ ਨੇ ਇਕ 8 ਮਹੀਨਿਆਂ ਦੀ ਗਰਭਵਤੀ

ਔਰਤ ਦਾ ਉਸ ਦੇ ਘਰ ਤੱਕ ਪਿੱਛਾ ਕੀਤਾ ਸੀ। ਮੈਂ ਇਹ ਵੀ ਦੱਸ ਦਿਆਂ ਕਿ ਗਿੱਲ ਸ਼ਰਾਬੀ ਨਹੀਂ ਸੀ, ਉਹ ਪੂਰੀ ਤਰ੍ਹਾਂ ਹੋਸ਼ ਵਿਚ ਸੀ।

ਸਵਾਲ : ਤੁਸੀਂ ਇਹ ਕਿਵੇਂ ਸੋਚਦੇ ਹੋ ਕਿ ਰਾਜਪਾਲ ਐੱਸ. ਐੱਸ. ਰੇਅ ਦੇ ਸਮੇਤ ਸਾਰੀ ਸਰਕਾਰ ਗਿੱਲ ਦਾ ਪੱਖ ਲੈ ਰਹੀ ਹੈ ?

ਜਵਾਬ : ਗਿੱਲ 'ਤੇ ਅਸਾਮ ਵਿਚ 5 ਕੇਸ ਚੱਲ ਰਹੇ ਹਨ। ਉਹਨਾਂ ਵਿਚੋਂ ਇਕ ਕੇਸ ਕਤਲ ਦਾ ਵੀ ਹੈ। ਇਹਨਾਂ ਕੇਸਾਂ ਵਿਚ ਉਸ ਦੇ ਵਕੀਲਾਂ ਵਿਚੋਂ ਇਕ ਰੇਅ ਵੀ ਸੀ। ਜਦੋਂ ਮੈਂ ਗਵਰਨਰ ਰੇਅ ਨੂੰ ਮਿਲੀ ਤਾਂ ਮੈਂ ਉਸ ਨੂੰ ਕਿਹਾ "...ਸਰਕਾਰੀ ਪਾਰਟੀਆਂ 'ਤੇ ਇਹੋ ਜਿਹੀਆਂ ਘਟਨਾਵਾਂ ਨੂੰ ਮੌਜ ਨਾਲ ਹੀ ਵਾਪਰਨ ਦੇਣ ਦੀ ਤੁਸੀਂ ਕਿਵੇਂ ਇਜਾਜ਼ਤ ਦੇ ਸਕਦੇ ਹੋ ?"

ਗਵਰਨਰ ਨੇ ਮੈਨੂੰ ਕਿਹਾ ਕਿ ਤੇਰੇ ਮੋਢਿਆਂ 'ਤੇ ਭਾਰੀ ਜ਼ੁਮੇਂਵਾਰੀ ਆਉਂਦੀ ਹੈ ਕਿਉਂਕਿ ਸਾਰੀ ਕੌਮ ਦੀਆਂ ਨਜ਼ਰਾਂ ਪੰਜਾਬ 'ਤੇ ਲੱਗੀਆਂ ਹੋਈਆਂ ਹਨ।

ਗਵਰਨਰ ਦਾ ਕਹਿਣਾ ਸੀ :

"ਅਸੀਂ ਦਹਿਸ਼ਤਵਾਦ ਦੇ ਖਿਲਾਫ ਲੜਾਈ ਵਿਚ ਅਜਿਹੇ ਪੜਾਅ 'ਤੇ ਪਹੁੰਚ ਗਏ ਹਾਂ ਜਿਥੇ ਪੁਲਿਸ ਫ਼ੋਰਸ ਦੇ ਹੌਂਸਲਿਆਂ ਦੇ ਕਿਸੇ ਵੀ ਤਰ੍ਹਾਂ ਪਸਤ ਹੋਣ ਨੂੰ ਗਵਾਰਾ ਨਹੀਂ ਕੀਤਾ ਜਾ ਸਕਦਾ।" ਉਸ ਨੇ ਅੱਗੇ ਕਿਹਾ "ਕੌਮ, ਪੰਜਾਬ ਅਤੇ ਪਬਲਿਕ ਦੇ ਹਿੱਤਾਂ ਵਿਚ ਮੈਂ ਤੈਨੂੰ ਅਪੀਲ ਕਰਦਾ ਹਾਂ ਕਿ ਤੂੰ ਚੁਪ ਰਹਿ।" ਮੈਂ ਜਵਾਬ ਦਿੱਤਾ ਕਿ ਦਹਿਸ਼ਤਵਾਦ ਪਿਛਲੇ 10 ਸਾਲ ਤੋਂ ਚੱਲ ਰਿਹਾ ਹੈ ਅਤੇ ਮੇਰੀ ਸਮਝ ਮੁਤਾਬਿਕ 5 ਸਾਲ ਹੋਰ ਚੱਲੇਗਾ। ਕੀ ਇਸ ਦਾ ਅਰਥ ਇਹ ਬਣਦਾ ਹੈ ਕਿ ਪੰਜਾਬ ਦੀਆਂ ਔਰਤਾਂ ਨੂੰ ਉਦੋਂ ਤੱਕ ਅਜਿਹੇ ਦੁਰਵਿਹਾਰ ਨੂੰ ਸਹਿੰਦੇ ਰਹਿਣਾ ਚਾਹੀਦਾ ਹੈ ਕਿਉਂਕਿ ਦੁਰ-ਵਿਹਾਰ ਕਰਨ ਵਾਲੇ ਪੁਲਸੀਏ ਹਨ ?

ਮੈਂ ਸਮਝਦੀ ਹਾਂ ਅਤੇ ਮੈਂ ਰੇਅ ਨੂੰ ਵੀ ਕਿਹਾ ਸੀ ਜੇ ਇਸ ਕੇਸ ਨੂੰ ਦਬਾ ਦਿੱਤਾ ਜਾਂਦਾ ਹੈ ਤਾਂ ਇਹ ਔਰਤਾਂ ਦੇ ਕੌਮੀ ਹਿੱਤਾਂ ਦੇ ਵਿਰੁੱਧ ਹੋਵੇਗਾ।

ਰੀਬੇਰੋ ਚਾਹੁੰਦਾ ਸੀ ਕਿ ਮੈਂ ਉਸ ਦੇ (ਰੀਬੇਰੋ)— ਕਮਰੇ'ਚ ਜਾਵਾਂ ਅਤੇ ਗਿੱਲ ਦੀ ਮੁਆਫ਼ੀ ਪ੍ਰਵਾਨ ਕਰ ਲਵਾਂ। ਕੀ ਮੈਂ ਕੋਈ ਜੁਰਮ ਕੀਤਾ ਹੈ ਕਿ ਮੈਂ ਇਕ ਅਜਿਹੇ ਪੁਲਿਸ ਅਫ਼ਸਰ ਦੇ ਸਾਹਮਣੇ ਉਸ ਦੀ ਮੁਆਫ਼ੀ ਨੂੰ ਸੁਣਨ ਜਾਵਾਂ, ਜਿਸ ਨੂੰ ਮੈਂ ਘਿਰਣਾਜਨਕ ਸਮਝਦੀ ਹਾਂ ? ਨਾਲੇ ਸਰਵਿਸ ਰੂਲਜ਼ ਤਹਿਤ ਮੁਆਫ਼ੀ ਕੋਈ ਸਜ਼ਾ ਨਹੀਂ ਹੈ। ਗਿੱਲ ਨੇ ਰੂਲਜ਼ ਦੀ ਉਲੰਘਣਾ ਕੀਤੀ ਹੈ ਅਤੇ ਇਸ ਲਈ ਉਸ ਦੇ ਖ਼ਿਲਾਫ਼ ਪ੍ਰਬੰਧਕੀ ਕਾਰਵਾਈ ਹੋਣੀ ਚਾਹੀਦੀ ਹੈ।

ਸਵਾਲ : ਜਾਪਦਾ ਹੈ ਕਿ ਪੁਲਿਸ ਸਰਕਾਰ ਲਈ ਬਹੁਤ ਮਹੱਤਵਪੂਰਨ ਹੈ ਕਿਉਂਕਿ ਉਸ ਨੇ ਪੰਜਾਬ ਨੂੰ ਕੰਟ-ਰੋਲ ਕੀਤਾ ਹੋਇਆ ਹੈ। ਕੀ ਤੁਸੀਂ ਇਹ ਨਹੀਂ ਸੋਚਦੇ ਅਜਿਹੀ ਹਾਲਤ ਵਿਚ ਤੁਸੀਂ ਲੜਾਈ ਹਾਰ ਜਾਵੋਗੇ ?

ਜਵਾਬ : ...ਜੇ ਗਿੱਲ ਦੇ ਵਿਚਾਰ ਨੂੰ ਤੁੱਛ ਜਿਹਾ ਕਰਾਰ ਦੇ ਕੇ ਨਜ਼ਰ-ਅੰਦਾਜ਼ ਕਰ ਦਿੱਤਾ ਜਾਂਦਾ ਹੈ ਤਾਂ ਕੱਲ੍ਹ ਨੂੰ ਕੋਈ ਹੋਰ ਵਿਅੱਕਤੀ ਵੀ ਇਹੋ ਕੁਝ ਕਰ ਸਕਦਾ ਹੈ। ਕਿੰਨੇ ਸਾਰੇ ਲੋਕ ਔਰਤਾਂ ਦੀਆਂ ਪਿੱਠਾਂ 'ਤੇ ਚੂੰਡੀਆਂ ਵੱਢਣ ਦੀ ਮੁਹਿੰਮ'ਤੇ ਨਿਕਲ ਪੈਣਗੇ। ਇਹ ਜਾਣਦੇ ਹੋਏ ਕਿ ਕੋਈ ਵੀ ਔਰਤ ਸ਼ਿਕਾਇਤ ਨਹੀਂ ਕਰੇਗੀ। ਦੂਸਰੇ ਪੁਲਿਸ ਅਫ਼-ਸਰ ਔਰਤਾਂ ਨਾਲ ਛੇੜ-ਛਾੜ ਨੂੰ ਆਪਣਾ ਹੱਕ ਸਮਝਣ ਲੱਗ ਪੈਣਗੇ। ਕੀ ਕਿਸੇ ਪੁਲਸ ਅਫ਼ਸਰ ਨੂੰ ਔਰਤਾਂ ਨਾਲ ਛੇੜ ਛਾੜ ਕਰਨ ਦੀ ਇਸ ਲਈ ਹੀ ਖੁਲ੍ਹ ਦਿੱਤੀ ਜਾ ਸਕਦੀ ਹੈ ਕਿ ਉਸ ਨੇ ਬਿਹਾਰ ਅੰਦਰ ਹੜ੍ਹਾਂ ਦਾ ਮੁਕਾਬਲਾ ਕਰਦਿਆਂ ਜਾਂ ਮੇਰਠ ਵਿਚ ਦੰਗਿਆਂ 'ਤੇ ਕਾਬੂ ਪਾਉਂਦਿਆਂ ਦਲੇਰੀ ਦਾ ਸਬੂਤ ਦਿੱਤਾ ਹੈ। ਇੰਡੀਅਨ ਪੀਨਲ ਕੋਡ ਵਿਚ ਕੁਝ ਅਜਿਹੀਆਂ ਧਾਰਾਵਾਂ ਹਨ, ਜਿਹਨਾਂ ਦਾ ਸਬੰਧ ਔਰਤਾਂ ਖਿਲਾਫ ਜੁਰਮਾਂ ਨਾਲ ਹੈ। ਕੀ ਇਹ ਧਾਰਾਵਾਂ ਸਿਰਫ਼ ਕਾਗਜ਼ਾਂ ਨੂੰ ਸ਼ਿੰਗਾਰਨ ਲਈ ਹੀ ਹਨ ? ਮੈਂ ਪਹਿਲਾਂ ਸਰਕਾਰ ਨੂੰ ਅਪੀਲ ਕੀਤੀ। ਪਰ ਉਸ 'ਤੇ ਕੋਈ ਕਾਰਵਾਈ ਨਾ ਕੀਤੀ ਗਈ। ਮੇਰੇ ਸਵੈਮਾਣ ਨਾਲ ਖੇਡਣ ਦਾ ਸਰਕਾਰ ਨੂੰ ਕੋਈ ਹੱਕ ਨਹੀਂ ਹੈ। ਸਰਕਾਰ ਵਲੋਂ ਐਕ-ਸ਼ਨ ਨਾ ਲੈਣਾ ਬੁਰੀ ਗੱਲ ਸੀ ਪਰ ਸਰਗਰਮੀ ਨਾਲ ਹਮਾ-ਇਤ ਕਰਨੀ ਅਤੇ ਹੱਲਾਸ਼ੇਰੀ ਦੇਣੀ ਬੇਹੱਦ ਘਟੀਆ ਕਾਰਵਾਈ ਹੈ।

ਸਵਾਲ : ਤਾਂ ਤੁਸੀਂ ਸੁਪਰੀਮ ਕੋਰਟ ਵਿਚ ਜਾਣ ਦੀ ਸਕੀਮ ਬਣਾ ਰਹੇ ਹੋ ?

ਜਵਾਬ ; ਹਾਂ, ਮੈਂ ਜ਼ਰੂਰ ਹੀ ਸੁਪਰੀਮ ਕੋਰਟ ਵਿਚ ਜਾਵਾਂਗੀ। ਚੀਫ ਸੈਕਟਰੀ ਨੇ ਇਹ ਕਹਿੰਦਿਆਂ ਹੋਇਆਂ ਮਸਲੇ 'ਤੇ ਮਿੱਟੀ ਪਾਉਣ ਲਈ ਕਿਹਾ ਕਿ, "ਉਹਨੇ ਤਾਂ ਤੈਨੂੰ ਛੂਹਿਆਂ ਹੀ ਸੀ। ਗੱਲ ਤਾਂ ਇਸ ਤੋਂ ਵੀ ਵੱਡੀ ਹੋ ਸਕਦੀ ਸੀ" ਮੈਂ ਚੀਫ ਸੈਕਟਰੀ ਨੂੰ ਦੱਸਿਆ ਕਿ "ਇਹੋ ਜਿਹੀਆਂ ਛੇੜਖਾਨੀਆਂ ਤੋਂ ਪਿੰਡਾਂ ਵਿਚ ਕਤਲ ਵੀ ਹੋ ਜਾਂਦੇ ਹਨ"

ਸਵਾਲ : ਹੁਣ ਜਦੋਂ ਤੁਹਾਡੀ ਸ਼ਕਾਇਤ ਰੱਦ ਹੋ ਚੁੱਕੀ ਹੈ, ਕੀ ਤੁਸੀਂ ਇਹ ਨਹੀਂ ਸਮਝਦੇ ਕਿ ਜੇ ਤੁਸੀਂ

ਮੁਆਫੀ ਨੂੰ ਪਰਵਾਨ ਕਰ ਲੈਂਦੇ ਤਾਂ ਬਿਹਤਰ ਰਹਿਣਾ ਸੀ ?

ਜਵਾਬ : ਨਹੀਂ, ਬਿਲਕੁਲ ਨਹੀਂ । ਸਵਾਲ ਇਕ-ਉਚ-ਅਧਿਕਾਰੀ ਮੁਜਰਮ ਨਾਲ ਮੇਰੀ ਲੜਾਈ ਦਾ ਨਹੀਂ ਹੈ । ਨਾਂ ਹੀ ਇਹ ਮੇਰੀ ਅਤੇ ਸਰਕਾਰ ਦੀ ਲੜਾਈ ਦਾ ਹੈ ਭਾਵੇਂ ਕਿ ਮੈਨੂੰ ਸਰਕਾਰ ਦੀ ਪੂਰੀ ਸ਼ਕਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਮੈਂ ਤਾਂ ਇਕ ਮਨੋਵਿਰਤੀ ਦੇ ਖਿਲਾਫ ਲੜ ਰਹੀ ਹਾਂ । ਔਰਤਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਜਿਵੇਂ ਲਿਆ ਜਾਂਦਾ ਹੈ, ਉਸਦੇ ਖਿਲਾਫ ਲੜ ਰਹੀ ਹਾਂ । ਮੈਂ ਨਹੀਂ ਚਾਹੁੰਦੀ ਕਿ ਜੇ ਕੱਲ੍ਹ ਨੂੰ ਕੋਈ ਔਰਤ ਉਸ ਨਾਲ ਹੋਣ ਵਾਲੀ ਛੇੜਖਾਨੀ ਦੇ ਖਿਲਾਫ ਸ਼ਕਾਇਤ ਕਰਨ ਦੀ ਹਿੰਮਤ ਕਰਨ ਲੱਗੇ ਤਾਂ ਉਸਨੂੰ ਮੇਰੇ ਕੇਸ ਦਾ ਇਹ ਕਹਿਕੇ ਹਵਾਲਾ ਦਿੱਤਾ ਜਾਵੇ ਕਿ ਇਕ ਸੀਨੀਅਰ ਅਫਸਰ ਦੀ ਸ਼ਕਾਇਤ ਤਾਂ ਰੱਦ ਕਰ ਦਿੱਤੀ ਗਈ ਸੀ, ਤੂੰ ਕੀ ਕਰ ਲਵੇਂਗੀ । ਮੇਰਾ ਕਸੂਰ ਕੀ ਹੈ ? ਮੈਂ ਸਰਕਾਰ ਦੀ ਸਕੱਤਰ ਹਾਂ । ਘਟਨਾ ਵਿੱਤ ਕਮਿਸ਼ਨਰ (ਹੋਮ) ਦੇ ਘਰ ਵਾਪਰੀ ਹੈ, ਜੋ ਕਿ ਪੁਲਸ ਮੁੱਖੀ ਦਾ ਵੀ ਮੁੱਖੀ ਹੈ । ਮੁਜਰਮ ਪੁਲਸ ਮੁੱਖੀ ਹੈ, ਜਿਸਦੀ ਡਿਊਟੀ ਅਮਨ ਤੇ ਕਾਨੂੰਨ ਦੀ ਰਾਖੀ ਕਰਨਾ ਹੁੰਦੀ ਹੈ । ਗਿੱਲ ਦੀ ਰਾਖੀ ਕਿਉਂ ਕੀਤੀ ਜਾ ਰਹੀ ਹੈ ? ਮੈਨੂੰ ਪਤਾ ਨਹੀਂ ਲੱਗ ਰਿਹਾ ਕਿ ਮਸਲੇ 'ਤੇ ਮਿੱਟੀ ਪਾਉਣ ਦੀ ਕਿਉਂ ਕੋਸ਼ਿਸ਼ ਕੀਤੀ ਜਾ ਰਹੀ ਹੈ ? ਅਜਿਹੇ ਮਸਲਿਆਂ 'ਤੇ ਚੁੱਪ ਰਹਿਣਾ ਜੁਰਮ ਨੂੰ ਹੋਰ ਸ਼ਹਿ ਦੇਣਾ ਹੁੰਦਾ ਹੈ । ਕੁਝ ਔਰਤਾਂ ਨੇ ਮੈਨੂੰ ਦੱਸਿਆ ਹੈ ਕਿ ਉਹਨਾਂ ਨੂੰ ਇਸ ਨਾਲੋਂ ਵੀ ਘੱਟੀਆ ਹਾਲਤਾਂ ਦਾ ਸਾਹਮਣਾ ਕਰਨਾ ਪਿਆ ਹੈ ਪਰ ਉਹ ਅੰਦਰੋ-ਅੰਦਰ ਹੀ ਸਾਰੀ ਗੱਲ ਨੂੰ ਪੀ ਗਈਆਂ । ਮੈਂ ਕਹਿੰਦੀ ਹਾਂ ਕਿ ਇਹੀ ਕਾਰਨ ਹੈ ਕਿ ਮੈਨੂੰ ਅਜਿਹੀ ਹਾਲਤ ਦਾ ਸਾਹਮਣਾ ਕਰਨਾ ਪਿਆ ਹੈ । ਜਦੋਂ ਤੁਸੀਂ ਚੁੱਪ ਰਹਿੰਦੀਆਂ ਹੋ ਤਾਂ ਤੁਸੀਂ ਅਜਿਹੇ ਵਿਅਕਤੀਆਂ ਨੂੰ ਹੋਰ ਜੁਰਮ ਕਰਨ ਲਈ ਸ਼ਹਿ ਦੇ ਰਹੀਆਂ ਹੁੰਦੀਆਂ ਹੋ । ਅਜਿਹੀਆਂ ਘਟਨਾਵਾਂ ਦਾ ਜ਼ੋਰ ਨਾਲ ਮੁਕਾਬਲਾ ਕੀਤਾ ਜਾਣਾ ਚਾਹੀਦਾ ਹੈ ।

ਮੈਨੂੰ ਕਈ ਪੁਲਸ ਅਫਸਰਾਂ ਨੇ ਦੱਸਿਆ ਹੈ ਕਿ ਜਿਹਨਾਂ ਪਾਰਟੀਆਂ ਵਿਚ "ਗਿੱਲ" ਨੂੰ ਸੱਦਿਆ ਜਾਂਦਾ ਹੈ, ਉਥੇ ਉਹ ਆਪਣੀਆਂ ਪਤਨੀਅ ਨੂੰ ਲੈ ਕੇ ਨਹੀਂ ਜਾਂਦੇ ।

ਸਵਾਲ : ਤੁਸਾਂ ਦੱਸਿਆ ਹੈ ਕਿ ਤੁਹਾਨੂੰ ਸਰਕਾਰ ਦੀ ਪੂਰੀ ਤਾਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਕੀ ਤੁਹਾਡੀ ਸਰਵਿਸ ਵਿਚ ਵੀ ਕੋਈ ਅੜਿਚਣਾ ਡਾਹੀਆਂ ਜਾ ਰਹੀਆਂ ਹਨ ?

ਜਵਾਬ : ਹਾਂ ਹੇਠਾਂ ਤੋਂ ਲੈ ਕੇ ਉਪਰ ਤੱਕ ਦੇ ਸਭ ਅਧਿਕਾਰੀ ਮੈਨੂੰ ਤਾਂ ਕੁਝ ਸਮਝਦੇ ਹੀ ਨਹੀਂ । ਮੈਨੂੰ ਸਰਕਾਰ ਤੋਂ ਕੋਈ ਉਮੀਦ ਨਹੀਂ ਹੈ ਕਿ ਉਹ ਮੈਨੂੰ ਕਿਸੇ ਚੰਗੀ ਜਗਾਹ ਨਿਯੁਕਤ ਕਰੇਗੀ, ਇਥੋਂ ਤੱਕ ਕਿ ਮੇਰੇ ਰੈਂਕ ਦੇ ਬਰਾਬਰ ਦੀ ਮੈਨੂੰ ਪੋਸਟ ਦੇਵੇਗੀ । ਮੇਰੇ ਖਿਲਾਫ ਇੰਟੈਲੀਜੈਂਸ ਬਿਊਰੋ ਤੋਂ ਇਨਕੁਆਰੀ ਕਰਵਾਈ ਗਈ ਤਾਂ ਕਿ ਇਹ ਪਤਾ ਲਾਇਆ ਜਾ ਸਕੇ ਕਿ ਮੈਂ ਕਿਹੋ ਜਿਹੀ ਸ਼ਖਸੀਅਤ ਹਾਂ । ਪਰ ਗਿੱਲ ਦੇ ਖਿਲਾਫ ਕਿਸੇ ਨੇ ਕੋਈ ਇਨਕੁਆਰੀ ਨਹੀਂ ਕਰਵਾਈ । ਜਿਹਨਾਂ ਲੋਕਾਂ ਨੇ ਮੇਰੀ ਹਮਾਇਤ ਕੀਤੀ ਹੈ, ਉਨ੍ਹਾਂ ਨੂੰ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ । ਹੁਣ "ਗਿੱਲ" ਨੇ ਆਪਣੀ ਪਟੀਸ਼ਨ ਵਿਚ ਕਿਹਾ ਹੈ ਕਿ ਮੈਂ ਉਹਨਾਂ ਤਾਕਤਾਂ ਦੇ ਇਸ਼ਾਰੇ 'ਤੇ ਚਲ ਰਹੀ ਹਾਂ ਜਿਹੜੀਆਂ ਸਟੇਟ ਨੂੰ ਕਮਜ਼ੋਰ ਕਰਨਾ ਚਾਹੁੰਦੀਆਂ ਹਨ ।

ਸਵਾਲ : ਤਾਂ ਤੁਸੀਂ ਸੁਪਰੀਮ ਕੋਰਟ ਵਿਚ ਤਾਂ ਜ਼ਰੂਰ ਜਾਵੋਗੇ ।

ਜਵਾਬ : ਹਾਂ । ਮੈਂ ਸੰਘਰਸ਼ ਜਾਰੀ ਰੱਖਣਾ ਚਾਹੁੰਦੀ ਹਾਂ ਕਿਉਂਕਿ ਜੇ ਮੈਂ ਚੁੱਪ ਕਰ ਜਾਂਦੀ ਹਾਂ ਤਾਂ ਮੈਂ ਸਾਰੀਆਂ ਔਰਤਾਂ ਨੂੰ ਨੀਵਾ ਕਰ ਰਹੀ ਹੋਵਾਂਗੀ । ਮੇਰੀ ਚੰਗੀ ਕਿਸਮਤ ਹੈ ਕਿ ਮੈਂ ਪੜ੍ਹੀ ਲਿਖੀ ਹਾਂ ਤੇ ਕਾਨੂੰਨ ਨੂੰ ਸਮਝਦੀ ਹਾਂ । ਮੇਰੀ ਆਪਣੇ ਮਾਤਾ ਜੀ ਨੇ ਮੈਨੂੰ ਸ਼ੁਰੂ ਸ਼ੁਰੂ ਵਿਚ ਵਰਜਣ ਦੀ ਕੋਸ਼ਿਸ਼ ਕੀਤੀ ਸੀ ਪਰ ਮੈਂ ਉਹਨਾਂ ਨੂੰ ਕਿਹਾ ਸੀ ਕਿ ਮੇਰਾ ਤੁਹਾਡੇ ਤੋਂ 30 ਸਾਲ ਬਾਅਦ ਜੰਮਣ ਦਾ ਕੀ ਫਾਇਦਾ ਹੋਇਆ ।

ਆਪਣੇ ਹੱਕਾਂ ਅਤੇ ਸਵੈਮਾਣ ਲਈ ਜੂਝ ਰਹੀਆਂ ਔਰਤਾਂ ਦੀ ਅਵਾਜ਼

ਦੋ ਮਾਸਿਕ

ਸ਼ੀਹਣੀ ਪੜ੍ਹੋ

ਸੰਪਰਕ ਪਤਾ : ਡਾ: ਜੀਵਨ ਜੋਤ ਕੌਰ, ਨਿਊ ਹਰਿੰਦਰਾ ਨਗਰ, ਫਰੀਦਕੋਟ ।

ਕਾਮਰੇਡ ਚਾਰੂ ਮਜੂਮਦਾਰ ਦੇ 17ਵੇਂ ਸ਼ਹੀਦੀ ਦਿਵਸ 'ਤੇ

28 ਜੁਲਾਈ ਦਾ ਦਿਨ ਭਾਰਤ ਦੀ ਕਮਿਊਨਿਸਟ ਇਨਕਲਾਬੀ (ਨਕਸਲਬਾੜੀ) ਲਹਿਰ ਦੇ ਇਤਿਹਾਸ ਅੰਦਰ ਇਕ ਹੋਣੀ ਭਰਿਆ ਦਿਨ ਹੈ। ਅੱਜ ਤੋਂ 17 ਸਾਲ ਪਹਿਲਾਂ ਇਸ ਦਿਨ, ਨਕਸਲਬਾੜੀ ਲਹਿਰ ਦੇ ਸ਼ਰੋਮਣੀ ਆਗੂ ਅਤੇ ਸੀ. ਪੀ. ਆਈ. (ਮ. ਲ.) ਦੇ ਬਾਨੀ ਜਨਰਲ ਸਕੱਤਰ ਕਾਮਰੇਡ ਮਜੂਮਦਾਰ ਨੂੰ ਕਲਕੱਤੇ ਦੀ ਇਕ ਹਵਾਲਾਤ ਅੰਦਰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਕਾਮਰੇਡ ਚਾਰੂ ਮਜੂਮਦਾਰ ਦੀ ਇਹ ਸ਼ਹਾਦਤ ਨਾ ਤਾਂ ਹਕੂਮਤੀ ਜ਼ੁਲਮਾਂ ਦੀ ਸ਼ੁਰੂਆਤ ਸੀ ਅਤੇ ਨਾ ਹੀ ਇਹਨਾਂ ਦੀ ਸਿਖਰ।

ਭਾਰਤ ਦੇ ਲੁਟੇਰੇ ਹਾਕਮਾਂ ਨੇ 1967 ਤੋਂ ਹੀ ਇਨਕਲਾਬੀ ਲਹਿਰ ਉੱਤੇ ਵਹਿਸ਼ੀ ਧਾਵਾ ਬੋਲ ਦਿੱਤਾ ਹੋਇਆ ਸੀ। ਪੱਛਮੀ ਬੰਗਾਲ, ਬਿਹਾਰ, ਉੜੀਸਾ, ਆਂਧਰਾ ਪ੍ਰਦੇਸ਼, ਤਾਮਿਲਨਾਡੂ, ਕੇਰਲਾ, ਮਹਾਰਾਸ਼ਟਰ ਤੇ ਪੰਜਾਬ, ਹਰ ਜਗ੍ਹਾ ਹਕੂਮਤੀ ਜਬਰ ਦਾ ਇਕ ਕਹਿਰ ਭਰਿਆ ਝੱਖੜ ਝੁੱਲ ਰਿਹਾ ਸੀ। ਜਿਹੜੇ ਵੀ ਨੌਜਵਾਨ ਉੱਤੇ ਨਕਸਲੀ ਹੋਣ ਦਾ ਸ਼ੱਕ ਹੁੰਦਾ ਸੀ, ਉਸ ਨੂੰ ਫੜ ਕੇ ਜਾਂ ਤਾਂ ਜੇਲ੍ਹ ਅੰਦਰ ਸੁੱਟ ਦਿੱਤਾ ਜਾਂਦਾ ਸੀ ਅਤੇ ਜਾਂ ਫਿਰ ਅਣ-ਮਨੁੱਖੀ ਤਸੀਹੇ ਦੇਣ ਤੋਂ ਬਾਅਦ ਝੂਠਾ ਪੁਲਿਸ ਮੁਕਾਬਲਾ ਦਿਖਾ ਕੇ ਸ਼ਹੀਦ ਕਰ ਦਿੱਤਾ ਜਾਂਦਾ ਸੀ। ਇਕੱਲੇ ਪੱਛਮੀ ਬੰਗਾਲ ਅੰਦਰ ਹੀ ਕੰਈ ਤਿੰਨ ਹਜ਼ਾਰ ਤੋਂ ਵਧ ਨਕਸਲੀ ਘੁਲਾਟੀਆਂ ਨੂੰ ਗੋਲੀਆਂ ਨਾਲ ਭੁੰਨ ਸੁਟਿਆ ਗਿਆ ਸੀ। ਜਿਹੜੇ ਵੀ ਪ੍ਰੀਵਾਰ ਉੱਤੇ ਨਕਸਲੀ ਨੌਜਵਾਨਾਂ ਨੂੰ ਸ਼ਰਨ ਦੇਣ ਦਾ ਸ਼ੱਕ ਹੁੰਦਾ ਸੀ, ਉਸ ਨੂੰ ਹਕੂਮਤੀ ਜਬਰ ਦੇ ਵੇਲਣੇ ਅੰਦਰ ਬੁਰੀ ਤਰ੍ਹਾਂ ਪੀੜ ਸੁਟਿਆ ਜਾਂਦਾ ਸੀ। ਜਿਹੜੇ ਖਿੱਤਿਆ ਦੀ ਇਨਕਲਾਬੀ (ਨਕਸਲੀ) ਲਹਿਰ ਦੇ ਗੜ੍ਹਾ ਵਜੋਂ ਨਿਸ਼ਾਨਦੇਹੀ ਕਰ ਲਈ ਜਾਂਦੀ ਸੀ, ਉਹਨਾਂ ਉੱਤੇ ਅਜਿਹਾ ਹਕੂਮਤੀ ਕਹਿਰ ਵਰ੍ਹਦਾ ਸੀ ਕਿ ਔਰੰਗਜ਼ੇਬ ਤੇ ਹਿਟਲਰ ਦੇ ਸਮਿਆਂ ਦੀ ਯਾਦ ਤਾਜ਼ਾ ਹੋ ਜਾਂਦੀ ਸੀ। ਕੇਂਦਰੀ ਹਾਕਮਾਂ ਦੀਆਂ ਹਥਿਆਰਬੰਦ ਧਾੜਾਂ (ਬੀ. ਐੱਸ. ਐੱਫ. ਅਤੇ ਸੀ. ਆਰ. ਪੀ.) ਤੇ ਸਥਾਨਕ ਬੁੱਚੜ ਟੋਲਿਆਂ (ਰਾਜ ਪੁਲਿਸ ਫ਼ੋਰਸਾਂ) ਦੁਆਰਾ ਨਕਸਲੀ ਲਹਿਰ ਦੇ ਪ੍ਰਭਾਵ ਵਾਲੇ ਇਲਾਕਿਆਂ ਦੀਆਂ ਘੇਰਾਬੰਦੀਆਂ, ਤਲਾਸ਼ੀ ਮੁਹਿੰਮਾਂ, ਪਿੰਡਾਂ ਉੱਤੇ ਕੁਟਾਪੇ, ਪ੍ਰੀਵਾਰਾਂ ਦੇ ਉਜਾੜੇ ਇਨਕਲਾਬੀ ਨੌਜਵਾਨਾਂ ਦੀਆਂ ਮਾਵਾਂ ਤੇ ਭੈਣਾਂ ਦੀ ਬੇਪਤੀ ਅਤੇ ਨਕਸਲੀ ਜੁਝਾਰੂਆਂ ਦਾ ਵੱਡੇ ਪੈਮਾਨੇ 'ਤੇ ਕਤਲੇਆਮ —ਇਹ ਸੀ ਜੋ 'ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ' ਅੰਦਰ ਵਾਪਰਿਆ ਅਤੇ ਸਾਲਾਂ-ਬੱਧੀ ਵਿਆਪਕ ਪੈਮਾਨੇ ਉਤੇ ਵਾਪਰਿਆ।

× × ×

ਅੱਜ ਜਦ ਉਸ ਸਮੇਂ ਨੂੰ ਯਾਦ ਕੀਤਾ ਜਾਂਦਾ ਹੈ ਤਾਂ ਇਹ ਇਤਿਹਾਸ (ਅਤੀਤ) ਵੀ ਲਗਦਾ ਹੈ ਤੇ ਵਰਤਮਾਨ ਵੀ। ਬਹੁਤ ਕੁਝ ਅਜਿਹਾ ਹੈ, ਜੋ ਬਦਲ ਚੁੱਕਾ ਹੈ ਅਤੇ ਬੀਤੇ ਦੀ ਗੱਲ ਬਣ ਚੁਕਾ ਹੈ; ਪ੍ਰੰਤੂ ਬਹੁਤ ਕੁਝ ਅਜਿਹਾ ਹੈ, ਜੋ ਬੀਤੇ ਦਾ ਹੀ ਜਾਰੀ ਰੂਪ ਹੈ ਜਾਂ ਉਸੇ ਦੀ ਇਕ ਨਵੇਂ ਰੂਪ ਵਿਚ ਦੁਹਰਾਈ ਹੈ। ਜੋ ਅੱਜ ਵਾਪਰ ਰਿਹਾ ਹੈ ਉਹ ਕੱਲ੍ਹ ਨਾਲੋਂ ਪੂਰੀ ਤਰ੍ਹਾਂ ਟੁੱਟਿਆ ਜਾਂ ਨਿਖੜਿਆ ਹੋਇਆ ਨਹੀਂ। ਅੱਜ ਤੇ ਕੱਲ੍ਹ ਵਿਚਕਾਰ ਇਕ ਗੂੜ੍ਹੀ ਤੰਦ, ਇਕ ਗੂੜ੍ਹਾ ਸਬੰਧ ਜੁੜਿਆ ਹੋਇਆ ਹੈ।

ਹਕੂਮਤੀ ਕਟਕ ਦੀ ਵਜ੍ਹਾ ਕੀ ਸੀ ?

ਨਕਸਲਬਾੜੀ ਲਹਿਰ ਇਕ ਇਨਕਲਾਬੀ ਲਹਿਰ ਸੀ। ਇਸਦਾ ਨਿਸ਼ਾਨਾ ਇਕ ਅਜਿਹੇ ਸਮਾਜ ਦੀ ਸਿਰਜਨਾ ਕਰਨਾ ਸੀ, ਜਿਥੇ ਇਕ ਮਨੁੱਖ ਹੱਥੋਂ ਦੂਜੇ ਮਨੁੱਖ ਦੀ ਅਤੇ ਇਕ ਵਰਗ ਹੱਥੋਂ ਦੂਜੇ ਵਰਗ ਦੀ ਲੁੱਟ-ਖਸੁੱਟ ਨਾ ਹੋਵੇ; ਜਿਥੇ ਜਾਤ-ਪਾਤੀ ਵਖਰੇਵਿਆਂ, ਵਿਤਕਰੇ ਤੇ ਜਬਰ ਦਾ ਨਾਮ-ਨਿਸ਼ਾਨ ਨਾ ਰਹਿ ਸਕੇ, ਜਿਥੇ ਧਾਰਮਿਕ ਵਿਤਕਰੇ ਤੇ ਭੇਦ-ਭਾਵ ਅਲੋਪ ਹੋ ਜਾਣ ਅਤੇ ਜਿਥੇ ਰਾਜ-ਸ਼ਕਤੀ ਲੋਕਾਂ ਦੀ ਮਾਲਕ ਨਾ ਹੋਵੇ, ਸਗੋਂ ਲੋਕ ਰਾਜ-ਸ਼ਕਤੀ ਦੇ ਮਾਲਕ ਹੋਣ। ਭਾਵ ਅਜਿਹਾ 'ਹਲੇਮੀ' ਰਾਜ ਜਿਥੇ 'ਸੱਭੇ ਸਾਂਝੀਵਾਲ ਸਦਾਇਨ !'

ਪਰ ਅਜਿਹਾ ਰਾਜ ਕਿਸੇ ਉਪਦੇਸ਼ ਜਾਂ ਪ੍ਰਚਾਰ ਦੇ ਜ਼ਰੀਏ ਸੰਭਵ ਨਹੀਂ। ਉਹ ਲੋਕ ਜਿਨ੍ਹਾਂ ਦਾ ਧੰਦਾ ਹੀ ਮਨੁੱਖ ਦੀ ਲੁੱਟ ਕਰਨਾ ਹੈ, ਉਹ ਧਨਾਢ ਵਰਗ ਜਿਨ੍ਹਾਂ ਦਾ ਜੀਵਨ ਨਿਰਬਾਹ ਹੀ ਮਿਹਨਤਕਸ਼ ਵਰਗਾਂ ਦੀ ਰੱਤ-ਨਿਚੋੜ ਆਸਰੇ ਚਲਦਾ ਹੈ ਅਤੇ ਉਹ ਹਾਕਮ ਜਮਾਤਾਂ ਜਿਨ੍ਹਾਂ ਨੇ ਲੋਕਾਂ ਉੱਤੇ ਆਪਣੀ ਰਾਜ-ਸ਼ਕਤੀ ਦਾ ਜੂਲਾ ਪਾ ਰਖਿਆ ਹੋਇਆ ਹੈ, ਉਹ, ਅਜਿਹੇ ਰਾਜ ਨੂੰ ਭਲਾ ਕਿਉਂ ਪਸੰਦ ਕਰਨਗੇ ? ਉਹ ਭਲਾ ਅਜਿਹੇ ਰਾਜ ਦਾ ਨਿਸ਼ਾਨਾ ਮਿਥ ਕੇ ਉਠੀ ਲਹਿਰ ਨੂੰ ਕਿਉਂ ਸਹਿਣ ਕਰਨਗੇ ?

ਸੋ ਵੱਡੇ ਆਰਥਿਕ ਵਸੀਲਿਆਂ ਦੇ ਮਾਲਕ, ਕਿਰਤ ਦੇ ਲੁਟੇਰੇ ਧਨਾਢ ਵਰਗਾਂ ਅਤੇ ਰਾਜ-ਸ਼ਕਤੀ ਦੀਆਂ ਮਾਲਕ ਜਮਾਤਾਂ ਨੂੰ ਨਕਸਲਬਾੜੀ ਲਹਿਰ ਚੋਂ ਆਪਣੀ ਮੌਤ ਦਿਖਾਈ ਦੇਣ ਲੱਗੀ। ਭਾਰਤ ਭਰ ਦੇ 'ਮਲਕ ਭਾਗੋਆਂ' ਨੂੰ ਆਪਣਾ ਸਵਰਗ ਖੁਸਦਾ ਦਿਖਾਈ ਦੇਣ ਲੱਗਾ। ਇਸੇ ਕਰਕੇ ਇਨ੍ਹਾਂ ਲੁਟੇਰੇ ਹਾਕਮ ਵਰਗਾਂ ਨੇ ਨਕਸਲਬਾੜੀ ਲਹਿਰ ਨੂੰ ਬਾਏਂ ਕੁਚਲ ਦੇਣ ਲਈ ਇਸ ਉੱਤੇ ਵੱਡਾ ਵਹਿਸ਼ੀ ਹੱਲਾ ਬੋਲ

ਦਿੱਤਾ । ਨਕਸਲਬਾੜੀ ਲਹਿਰ ਦੇ ਇਹ ਦੁਸ਼ਮਣ ਆਪਣੇ ਸਿਆਸੀ ਤੇ ਧਾਰਮਿਕ ਭੇਦ-ਭਾਵਾਂ ਨੂੰ ਲਾਂਭੇ ਰੱਖ ਕੇ, ਇਨ-ਕਲਾਬ ਦੀ ਕਾਂਗ ਨੂੰ ਠੱਲ੍ਹਣ ਲਈ ਇਕ ਮੁੱਠ ਹੋ ਗਏ । ਪੰਜਾਬ ਅੰਦਰ ਅਕਾਲੀ ਦਲ, ਤਾਮਿਲਨਾਡੂ ਅੰਦਰ ਡੀ. ਐੱਮ. ਕੇ; ਕੇਰਲਾ ਅੰਦਰ ਸੀ. ਪੀ. ਆਈ. ਅਤੇ ਪੱਛਮੀ ਬੰਗਾਲ ਤੇ ਆਂਧਰਾ ਪ੍ਰਦੇਸ਼ ਅੰਦਰ ਕਾਂਗਰਸ ਦੀਆਂ ਸਰਕਾਰਾਂ ਨੇ ਇਨਕਲਾਬੀ ਲਹਿਰ ਉੱਤੇ ਇਕ-ਦੂਜੇ ਤੋਂ ਵੱਧ ਕੇ ਜ਼ੁਲਮ ਢਾਹੇ । ਪੰਜਾਬ ਅੰਦਰ ਝੂਠੇ ਪੁਲਿਸ ਮੁਕਾਬਲਿਆਂ ਦੀ ਪਿਰਤ ਬਾਦਲ ਸਰਕਾਰ ਨੇ ਹੀ ਤੋਰੀ ਸੀ । ਕੇਰਲਾ ਅੰਦਰ ਕਾਮਰੇਡ ਵਰਗੀਜ਼ ਦੀਆਂ ਜਿਉਂਦੇ ਦੀਆਂ ਅੱਖਾਂ ਸੀ. ਪੀ. ਆਈ. ਦੇ ਰਾਜ ਵਿਚ ਹੀ ਕੱਢੀਆਂ ਗਈਆਂ ਸਨ । ਅਤੇ ਇਹ ਸੀ. ਪੀ. ਐੱਮ. ਦੇ ਆਗੂ ਹੀ ਸਨ ਜਿਹੜੇ ਦੇਸ਼ ਭਰ ਅੰਦਰ ਨਕਸਲ-ਬਾੜੀ ਲਹਿਰ ਵਿਰੁੱਧ ਕੂੜ-ਪ੍ਰਚਾਰ ਦੀ ਲਹਿਰ ਦੇ ਮੋਹਰੀ ਬਣੇ ਹੋਏ ਸਨ ।

ਇਹਨਾਂ ਭਾਂਤ-ਸੁਭਾਂਤੀਆਂ ਤਾਕਤਾਂ ਦੇ ਨਕਸਲਬਾੜੀ ਲਹਿਰ ਵਿਰੁੱਧ ਇਸ ਤਰ੍ਹਾਂ ਇਕ ਮੁੱਠ ਹੋ ਜਾਣ ਦੀ ਵਜ੍ਹਾ ਬੜੀ ਸਪੱਸ਼ਟ ਸੀ । ਇਹਨਾਂ ਸਭਨਾਂ ਸਿਆਸੀ ਧਿਰਾਂ ਦੇ ਹਿੱਤ ਮੌਜੂਦਾ ਰਾਜ ਨਾਲ ਬੱਝੇ ਹੋਏ ਹਨ ਅਤੇ ਇਸ ਕਰਕੇ ਆਪਸੀ ਮੱਤਭੇਦਾਂ ਦੇ ਬਾਵਜੂਦ, ਇਹ ਤਾਕਤਾਂ ਮੌਜੂਦਾ ਲੋਟੂ ਰਾਜ-ਪ੍ਰਬੰਧ ਨੂੰ ਕਾਇਮ ਰੱਖਣ ਦੀਆਂ ਮੁਦਈ ਹਨ, ਜਦ ਕਿ ਨਕਸਲਬਾੜੀ ਲਹਿਰ ਦਾ ਉਦੇਸ਼ ਹੀ ਇਸ ਲੋਕ ਦੁਸ਼ਮਣ ਰਾਜ ਪ੍ਰਬੰਧ ਦੀ ਇੱਟ ਨਾਲ ਇੱਟ ਖੜਕਾਉਣਾ ਸੀ । ਇਸ ਕਰਕੇ ਲੋਕ-ਦੁਸ਼ਮਣ ਰਾਜ-ਪ੍ਰਬੰਧ ਦੇ ਮਾਲਕਾਂ (ਕਾਂਗਰਸੀ ਹੁਕਮਰਾਨਾਂ) ਅਤੇ ਇਸ ਦੇ ਚੌਕੀਦਾਰਾਂ (ਸੀ. ਪੀ. ਆਈ. ਤੇ ਸੀ. ਪੀ. ਐੱਮ.) ਆਦਿ ਨੇ, ਆਪਣੇ ਜਮਾਤੀ ਹਿੱਤਾਂ ਅਤੇ ਸਿਆਸੀ ਗਰਜਾਂ ਵਿਚੋਂ, ਨਕਸਲਬਾੜੀ ਲਹਿਰ ਵਿਰੁੱਧ ਸਾਂਝਾ ਮੁਹਾਜ਼ ਕਾਇਮ ਕਰ ਲਿਆ ।

ਨਕਸਲਬਾੜੀ ਲਹਿਰ ਦੀ ਪਛਾੜ ਕਿਉਂ ?

ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਦੁਸ਼ਮਣ ਵੱਲੋਂ ਵਿੱਢੇ ਚੌਤਰਫੇ ਹਮਲੇ ਸਦਕਾ ਨਕਸਲਬਾੜੀ ਲਹਿਰ ਦੇ, ਇਕ ਵਾਰ ਪੈਰ ਹਿੱਲ ਗਏ । ਇਨਕਲਾਬੀ ਲਹਿਰ ਦੇ ਕਿੰਨੇ ਹੀ ਗੜ੍ਹ ਦੁਸ਼ਮਣ ਨੇ ਤਬਾਹ ਕਰ ਸੁੱਟੇ ਅਤੇ ਲਹਿਰ ਨੂੰ ਜਨਤਕ ਵਿਛੋੜੇ ਦੀ ਹਾਲਤ 'ਚ ਲਿਜਾ ਸੁੱਟਿਆ ।

ਅੱਜ ਜਦ ਅਸੀਂ ਪਿਛਾਂਹ ਮੁੜਕੇ ਨਕਸਲਬਾੜੀ ਲਹਿਰ ਦੇ ਇਤਿਹਾਸ ਉਤੇ ਪੜਚੋਲਵੀਂ ਝਾਤ ਮਾਰਦੇ ਹਾਂ ਤਾਂ ਇਹ ਗੱਲ ਬੜੇ ਉਘੜਵੇਂ ਰੂਪ 'ਚ ਸਾਹਮਣੇ ਆਉਂਦੀ ਹੈ ਕਿ ਨਕਸਲਬਾੜੀ ਲਹਿਰ ਦੇ ਲੋਕਾਂ 'ਚੋਂ ਨਿਖੜ ਜਾਣ ਦੀ ਅਸਲ ਵਜ੍ਹਾ, ਇਸ ਵਲੋਂ ਅਪਣਾਏ ਗਲਤ ਤਰੀਕੇ ਹੀ ਨਹੀਂ ਸਨ, ਸਗੋਂ ਇਸ ਵਲੋਂ ਅਪਣਾਈਆਂ ਕੁੱਝ ਗਲਤ ਨੀਤੀਆਂ ਸਨ । ਨਕਸਲਬਾੜੀ ਲਹਿਰ ਦੇ ਆਗੂਆਂ ਨੇ ਜਿਥੇ ਭਾਰਤ ਦੇ ਲੁਟੇਰੇ ਹਾਕਮ ਵਰਗਾਂ (ਜਗੀਰਦਾਰਾਂ ਤੇ ਵੱਡੇ ਅਜਾਰੇਦਾਰ, ਦਲਾਲ-ਨੌਕਰਸ਼ਾਹ ਸਰਮਾਏਦਾਰਾਂ) ਖਿਲਾਫ਼ ਲੋਕਾਂ ਦੇ ਇਨਕਲਾਬੀ ਰੋਹ ਨੂੰ **ਜਗਾਉਣ ਦੀ ਦਰੁਸਤ ਸੇਧ** ਅਖਤਿਆਰ ਕੀਤੀ, ਉਥੇ, ਉਨ੍ਹਾਂ ਨੇ ਭਾਰਤੀ ਰਾਜ ਤੇ ਸਮਾਜ ਅੰਦਰਲੀਆਂ ਕੁਝ ਜ਼ਾਹਰਾਂ ਹਕੀਕਤਾਂ ਦੇ ਰੜਕਵੇਂ ਸਿਆਸੀ ਮਸਲਿਆਂ ਨੂੰ ਅੱਖੋਂ ਉਹਲੇ ਕਰ ਛੱਡਿਆ । ਨਕਸਲਬਾੜੀ ਲਹਿਰ ਦੇ ਆਗੂ, 1947 ਤੋਂ ਪਿੱਛੋਂ ਭਾਰਤ ਅੰਦਰ ਵਿਕਾਸ ਦੇ ਨਵਬਸਤੀਵਾਦੀ ਪੈਟਰਨ ਨਾਲ ਆ ਰਹੀਆਂ ਤਬਦੀ-ਲੀਆਂ ਤੇ ਉਹਨਾਂ ਦੀਆ ਅਰਥ ਸੰਭਾਵਨਾਵਾਂ ਨੂੰ ਬੁੱਝਣ 'ਚ ਨਾਕਾਮ ਰਹੇ । ਉਹ "ਭਾਰਤੀ ਕੌਮ" ਦੇ ਪਿਛਾਖੜੀ ਸੰਕਲਪ ਤੇ ਇਸ ਪਿਛੇ ਛੁਪੀ ਭਾਰਤ ਦੇ ਹਾਕਮਾਂ ਦੀ ਡੂੰਘੀ ਸਾਜ਼ਸ਼ ਨੂੰ ਨਾ ਪਛਾਣ ਸਕੇ । ਇਸ ਕਰਕੇ, ਉਹ ਪੂਰੇ ਧੜੱਲੇ ਤੇ ਸਪੱਸ਼ਟਤਾ ਨਾਲ, ਭਾਰਤੀ ਰਾਜ ਦੇ ਜੇਲ੍ਹ-ਪਿੰਜਰੇ ਅੰਦਰ ਗੁਲਾਮੀ ਭੋਗ ਰਹੀਆਂ ਸਭਨਾਂ ਕੌਮਾਂ ਦੀ ਅਜ਼ਾਦੀ ਤੇ ਮੁਕਤੀ ਦਾ ਨਾਹਰਾ ਨਾ ਬੁਲੰਦ ਕਰ ਸਕੇ ।

ਨਕਸਲਬਾੜੀ ਲਹਿਰ ਦੇ ਆਗੂ, ਭਾਰਤੀ ਹਾਕਮਾਂ ਦੇ ਹਿੰਦੂ ਹੰਕਾਰਵਾਦੀ ਲੱਛਣਾਂ ਨੂੰ ਨਾ ਬੁੱਝ ਸਕੇ । ਇਸ ਕਰਕੇ ਉਹਨਾਂ ਭਾਰਤ ਅੰਦਰ ਘੱਟ ਗਿਣਤੀ ਧਾਰਮਿਕ ਵਰਗਾਂ ਨਾਲ ਹੋ ਰਹੇ ਘਿਨਾਉਣੇ ਜ਼ੁਲਮਾਂ ਤੇ ਵਿਤਕਰਿਆਂ ਦੀ ਜ਼ਾਹਰਾ ਹਕੀਕਤ ਨੂੰ ਤਕਰੀਬਨ ਅਣਗੌਲਿਆਂ ਹੀ ਕਰ ਛੱਡਿਆ ਅਤੇ ਉਹ ਭਾਰਤੀ ਹਾਕਮਾਂ ਦੇ ਹਿੰਦੂ ਹੰਕਾਰ-ਵਾਦੀ ਪੈਂਤੜੇ ਵਿਰੁੱਧ ਲੜਨ ਲਈ ਕੋਈ ਜਚਵੀਂ ਨੀਤੀ ਨਾ ਅਖਤਿਆਰ ਕਰ ਸਕੇ ।

ਨਕਸਲਬਾੜੀ ਲਹਿਰ ਦੇ ਆਗੂ, ਭਾਰਤੀ ਹਾਕਮਾਂ ਦੇ ਬ੍ਰਾਹਮਣਵਾਦੀ/ਮੰਨੂਵਾਦੀ ਖਾਸੇ ਦਾ ਪੂਰੀ ਤਰ੍ਹਾਂ ਭੇਤ ਨਾ ਪਾ ਸਕੇ । ਇਸ ਕਰਕੇ ਉਹ ਜਾਤ-ਪਾਤ ਦੇ ਖਾਤਮੇ ਵਿਰੁਧ ਦਲਿਤ ਤਾਕਤ ਨੂੰ ਜੋੜਨ ਤੇ ਉਭਾਰਨ 'ਚ ਕਾਮਯਾਬ ਨਾ ਹੋ ਸਕੇ ।

ਸੋ ਨਕਸਲਬਾੜੀ ਲਹਿਰ ਦੀ ਗਲਤੀ ਇਹ ਨਹੀਂ ਸੀ ਕਿ ਉਹਨਾਂ ਭਾਰਤੀ ਰਾਜ ਵਿਰੁਧ ਹਥਿਆਰਬੰਦ ਸੰਘਰਸ਼ ਛੇੜ ਦਿੱਤਾ । ਸਗੋਂ ਗਲਤੀ ਇਹ ਸੀ ਕਿ ਉਹ ਭਾਰਤੀ ਹਾਕਮਾਂ ਵਿਰੁਧ ਉਹਨਾਂ ਸਾਰੀਆਂ ਤਾਕਤਾਂ ਨੂੰ ਲਾਮਬੰਦ ਨਾ ਕਰ ਸਕੇ ਜਿਹੜੀਆਂ ਕਿ ਕੀਤੀਆਂ ਜਾਣੀਆਂ ਚਾਹੀਦੀਆਂ ਸਨ । ਨਕਸਲਬਾੜੀ ਲਹਿਰ ਵਲੋਂ ਖਾਧੀ ਪਛਾੜ ਦੀ ਅਸਲੀ ਵਜ੍ਹਾ ਇਹੋ ਸੀ ।

ਅਜੋਕੀ ਹਾਲਤ

ਪਿਛਲੇ ਵੀਹ ਵਰ੍ਹਿਆਂ ਦੌਰਾਨ ਹਾਲਤ ਅੰਦਰ

ਵੱਡੀਆਂ ਤਬਦੀਲੀਆਂ ਆ ਚੁੱਕੀਆਂ ਹਨ। ਸਮਾਜੀ ਵਿਰੋਧਾਂ ਦੇ ਜਿਹਨਾਂ ਖੇਤਰਾਂ ਨੂੰ ਨਕਸਲਬਾੜੀ ਲਹਿਰ ਦੇ ਆਗੂਆਂ ਨੇ ਅਣਡਿੱਠ ਕਰ ਦਿੱਤਾ ਸੀ, ਉਹ, ਅੱਜ ਪਰਚੰਡ ਰਣਖੇਤਰਾਂ 'ਚ ਵਟ ਗਏ ਹਨ। ਦੇਸ਼ ਭਰ ਅੰਦਰ ਅੱਡ ਅੱਡ ਖਿੱਤਿਆਂ ਦੇ ਲੋਕ ਆਪੋ-ਆਪਣੀਆਂ ਕੌਮੀ ਪਹਿਚਾਣਾਂ ਦਾ ਨਾਹਰਾ ਤੇ ਝੰਡਾ ਬੁਲੰਦ ਕਰ ਰਹੇ ਹਨ। ਭਾਰਤੀ ਹਾਕਮਾਂ ਨੂੰ ਜਿਸ ਕੌਮੀ ਰੋਹ ਤੇ ਚੁਣੌਤੀ ਦਾ ਸਾਹਮਣਾ ਪਹਿਲਾਂ ਸਿਰਫ ਉਤਰ-ਪੂਰਬੀ ਖੇਤਰ 'ਚੋਂ ਹੀ ਕਰਨਾ ਪੈ ਰਿਹਾ ਸੀ, ਹੁਣ ਉਹ ਕੌਮੀ ਲਲਕਾਰਾਂ 'ਮੁੱਖ ਭੂਮੀ' (Mainland) 'ਚੋਂ ਵੀ ਉਠਣੀਆਂ ਸ਼ੁਰੂ ਹੋ ਗਈਆਂ ਹਨ, ਅਤੇ ਇਹਨਾਂ ਦਾ ਵੇਗ ਦਿਨੋਂ ਦਿਨ ਵੱਧਦਾ ਜਾ ਰਿਹਾ ਹੈ। ਭਾਰਤੀ ਹਾਕਮਾਂ ਦੇ ਹਿੰਦੂ ਹੰਕਾਰਵਾਦੀ ਰਵਈਏ ਹੱਥੋਂ ਸਤੀਆਂ ਧਾਰਮਿਕ ਘੱਟ ਗਿਣਤੀਆਂ ਨੇ ਸਿਰ ਸੁੱਟਕੇ ਜ਼ਲਾਲਤ ਭਰੀ ਜ਼ਿੰਦਗੀ ਜਿਉਣ ਦੀ ਥਾਂ ਆਪਣੇ ਹੱਕਾਂ ਦੀ ਰਾਖੀ ਲਈ ਘੋਲ ਦੇ ਮੋਰਚੇ ਮੱਲਣੇ ਸ਼ੁਰੂ ਕਰ ਦਿੱਤੇ ਹਨ। ਖਾਸ ਕਰਕੇ ਸਿੱਖ ਭਾਈਚਾਰੇ ਵਲੋਂ ਵਿੱਢੇ ਖਾੜਕੂ ਸੰਘਰਸ਼ ਨੇ, ਭਾਰਤੀ ਰਾਜ ਦੇ 'ਸਰਬ ਸਕਤੀਮਾਨ' ਹੋਣ ਬਾਰੇ ਬਣੇ ਭਰਮ ਦੀਆਂ ਇਕ ਵਾਰ ਤਾਂ ਧੱਜੀਆਂ ਉਡਾਕੇ ਰੱਖ ਦਿੱਤੀਆਂ ਹਨ। ਇਸਦੇ ਨਾਲ ਹੀ, ਨਵੇਂ ਵੇਗ ਨਾਲ ਉਠਿਆ ਤਾਕਤਵਰ ਦਲਿਤ ਉਭਾਰ, ਬ੍ਰਾਹਮਣਵਾਦੀ ਵਿਚਾਰਧਾਰਾ ਤੇ ਮੰਨੂਵਾਦੀ ਰਾਜ ਲਈ ਮੌਤ ਦਾ ਪੈਗਾਮ ਸਾਬਤ ਹੋ ਰਿਹਾ ਹੈ।

ਉਭਰ-ਉਸਰ ਰਹੀ ਇਸ ਨਵੀਂ ਹਾਲਤ ਦੇ ਸਨਮੁਖ ਖੁੱਦ ਨਕਸਲਬੜੀ ਲਹਿਰ ਨੇ ਵੀ ਵੱਡੀਆਂ ਤਬਦੀਲੀਆਂ ਦਾ ਅਮਲ ਹੰਢਾਇਆ ਹੈ। ਨਕਸਲੀ ਲਹਿਰ ਦੇ ਕੁੱਝ ਹਿਸਿਆਂ ਦਾ ਜੋਸ਼ ਤਾਂ ਪਹਿਲਿਆਂ 'ਚ ਹੀ ਮੱਠਾ ਪੈਣਾ ਸ਼ੁਰੂ ਹੋ ਗਿਆ ਸੀ ਅਤੇ ਉਹਨਾਂ ਨੇ 'ਗਲਤੀਆਂ ਨੂੰ ਸੋਧਣ' ਦੇ ਬਹਾਨੇ, ਹਥਿਆਰਬੰਦ ਘੋਲ ਦੇ ਇਨਕਲਾਬੀ ਝੰਡੇ ਨੂੰ ਹੀ ਹੱਥੋਂ ਵਗਾਹ ਮਾਰਿਆ ਸੀ। ਹਥਿਆਰਬੰਦ ਚੋਟਾਂ ਦਾ ਰਾਹ ਛੱਡ ਕੇ ਵੋਟਾਂ ਦੇ ਰਾਹ ਪਏ ਇਹ ਅਖੌਤੀ ਨਕਸਲੀਏ ਹੁਣ ਸਿਰਫ ਨਾਉਂ ਦੇ ਹੀ ਇਨਕਲਾਬੀ ਰਹਿ ਗਏ ਹਨ। ਖਾਸ ਕਰਕੇ, ਨਕਸਲੀ ਲਹਿਰ ਦੇ ਉਹ ਹਿੱਸੇ, ਜਿਹੜੇ ਇਸ ਲਹਿਰ ਦੀਆਂ ਉਪਰ ਬਿਆਨੀਆਂ ਸਿਧਾਂਤਕ ਕਮਜ਼ੋਰੀਆਂ ਤੋਂ ਸੁਰਖਰੂ ਨਹੀਂ ਹੋਏ ਅਤੇ ਉਸੇ ਗਲਤ ਸੋਚ ਨੂੰ ਚਿੰਬੜੇ ਰਹਿਣ ਲਈ ਬਜ਼ਿਦ ਹਨ, ਉਹ ਭਾਰਤੀ ਰਾਜ ਵਿਰੁਧ ਹਥਿਆਰਬੰਦ ਸੰਘਰਸ਼ ਦਾ ਪੈਂਤੜਾ ਛੱਡਕੇ ਇਸ ਦੇ ਬਿਨ ਤਨਖਾਹੀਏ ਸੇਵਾਦਾਰ ਹੋ ਗੁਜ਼ਰੇ ਹਨ। ਉਹ ਲੋਕਾਂ ਦੀਆਂ ਖਰੀਆਂ ਕੌਮੀ ਰੀਝਾਂ ਨੂੰ 'ਇਲਾਕਾਵਾਦ' ਤੇ 'ਵੱਖਵਾਦ' ਕਹਿਕੇ ਭੰਡਣ ਅਤੇ ਘੱਟ ਗਿਣਤੀ ਧਾਰਮਿਕ ਵਰਗਾਂ ਦੀਆਂ ਹੱਕੀ ਵਿਰੋਧ ਲਹਿਰਾਂ ਖਿਲਾਫ਼ 'ਫਿਰਕਾਪ੍ਰਸਤੀ ਵਿਰੋਧੀ' ਭਰੜਭੌਂਕ ਕਰਨ 'ਚ ਕੇਂਦਰੀ ਹਾਕਮਾਂ ਨਾਲੋਂ ਵੀ ਚਾਰ ਕਦਮ ਅੱਗੇ ਚੱਲ ਰਹੇ ਹਨ। ਸੁਭਾਵਕ ਹੀ ਭਾਰਤੀ ਹਾਕਮਾਂ ਦੀਆਂ ਨਜ਼ਰਾਂ 'ਚ ਇਹ ਨਿਪੁੰਸਕ ਨਕਸਲੀਏ ਹੁਣ 'ਖਤਰਨਾਕ ਬਾਗੀ' ਨਹੀਂ ਰਹੇ, ਸਗੋਂ 'ਬੀਬੇ ਰਾਣੇ' ਬਣ ਗਏ ਹਨ ਜਿਹਨਾਂ ਤੋਂ ਨਾ ਕੋਈ ਖਤਰਾ ਹੈ ਤੇ ਨਾ ਕੋਈ ਡਰ।

ਇਸ ਕਰਕੇ ਜਿਹੜੇ ਹਾਕਮ 15 ਸਾਲ ਪਹਿਲਾਂ ਨਕਸਲੀ ਲਹਿਰ ਉੱਤੇ ਕਹਿਰਵਾਨ ਹੋਏ ਫਿਰਦੇ ਸਨ, ਉਨ੍ਹਾਂ ਹੀ ਹਾਕਮਾਂ ਨੂੰ ਅੱਜ ਇਹਨਾਂ ਜਾਅਲੀ ਨਕਸਲੀਆਂ ਉੱਤੇ ਮਿਹਰਵਾਨ ਹੁੰਦੇ ਦੇਖਿਆ ਜਾ ਸਕਦਾ ਹੈ। ਥਾਣਿਆਂ ਅੰਦਰ ਨੌਜਵਾਨਾਂ ਨੂੰ ਅੱਜ ਵੀ ਕੋਹਿਆ ਜਾ ਰਿਹਾ ਹੈ, ਨਹਿਰਾਂ ਦੇ ਪੁੱਲਾਂ 'ਤੇ ਮੁਕਾਬਲੇ ਅੱਜ ਵੀ ਬਣ ਰਹੇ ਹਨ, ਧੀਆਂ-ਭੈਣਾਂ ਨੂੰ ਪੁਲਿਸ ਦੇ ਜਾਂਗਲੀਪੁਣੇ ਦਾ ਅੱਜ ਵੀ ਸ਼ਿਕਾਰ ਹੋਣਾ ਪੈ ਰਿਹਾ ਹੈ, ਸਰਕਾਰ-ਵਿਰੋਧੀ ਘੁਲਾਟੀਆਂ ਦੇ ਘਰ-ਬਾਰ ਅੱਜ ਵੀ ਉਜਾੜੇ ਜਾ ਰਹੇ ਹਨ ਅਤੇ ਪੰਜਾਬ ਦੀ ਜਵਾਨੀ ਦਾ ਖ਼ੂਨ ਅੱਜ ਪਹਿਲਾਂ ਦੇ ਕਿਸੇ ਵੀ ਸਮੇਂ ਨਾਲੋਂ ਵੱਡੀ ਪੱਧਰ 'ਤੇ ਵਹਾਇਆ ਜਾ ਰਿਹਾ ਹੈ। ਪਰ ਹਕੂਮਤ ਦੀ ਇਸ ਦਰਿੰਦਗੀ ਦੀ ਮਾਰ ਝੱਲਣ ਵਾਲੇ ਅੱਜ ਕੋਈ ਹੋਰ ਹਨ।

ਭਾਰਤੀ ਹਾਕਮਾਂ ਦਾ ਕਹਿਰ ਅੱਜ ਵੱਧ ਉਹਨਾਂ ਤਾਕਤਾਂ 'ਤੇ ਝੜ ਰਿਹਾ ਹੈ, ਜਿਹੜੀਆਂ ਭਾਰਤੀ ਰਾਜ ਨੂੰ ਅੱਡ-ਅੱਡ ਕੌਮਾਂ ਦੇ ਗਲਾਂ ਨੂੰ ਪਏ ਗੁਲਾਮੀ ਦੇ ਜੂਲੇ ਦਾ ਨਾਂ ਦਿੰਦੀਆਂ ਹਨ ਅਤੇ ਆਪਣੀ ਕੌਮੀ ਅਜ਼ਾਦੀ ਖਾਤਰ ਗੁਲਾਮੀ ਦੇ ਇਸ ਜੂਲੇ ਨੂੰ ਗਲੋਂ ਵਗਾਹ ਮਾਰਨ ਲਈ ਸੰਘਰਸ਼ਾਂ ਦੇ ਮੈਦਾਨ ਗਰਮਾ ਰਹੀਆਂ ਹਨ। ਸਿਰਾਂ ਦੇ ਮੁੱਲ ਉਦੋਂ ਵੀ ਪਏ ਸਨ ਤੇ ਅੱਜ ਵੀ ਪੈ ਰਹੇ ਹਨ। ਪਰ ਸਮੇਂ ਨੇ ਇਹ ਗੱਲ ਸਾਬਤ ਕਰ ਦਿੱਤੀ ਹੈ ਕਿ ਮੁੱਲ 'ਬਾਗੀ' ਸਿਰਾਂ ਦੇ ਹੀ ਪਿਆ ਕਰਦੇ ਹਨ, ਗੁਲਾਮ ਸੂਰਤਾਂ ਦੇ ਨਹੀਂ।

ਬਦਲਵੇਂ ਰੋਲ

ਸੋ ਪਿਛਲੇ ਦੋ ਦਹਾਕਿਆਂ ਦੌਰਾਨ ਭਾਰਤ ਦੀ, ਖਾਸ ਕਰਕੇ ਪੰਜਾਬ ਦੀ ਸਿਆਸਤ ਅੰਦਰ ਬੜੀਆਂ ਹੀ ਅਹਿਮ ਤਬਦੀਲੀਆਂ ਵਾਪਰ ਗਈਆਂ ਹਨ। ਕਝ ਤਾਕਤਾਂ ਦੇ ਕਿਰਦਾਰ ਬਦਲ ਗਏ ਹਨ ਅਤੇ ਕੁਝ ਨੇ ਆਪਣੇ ਰੋਲ ਵਟਾ ਲਏ ਹਨ।

ਪੰਜਾਬ ਅੰਦਰ ਝੂਠੇ ਪੁਲਿਸ ਮੁਕਾਬਲਿਆਂ ਦੀ ਪਿਰਤ ਤੋਰਨ ਵਾਲੇ ਅਤੇ ਇਨਕਲਾਬੀਆਂ ਨੂੰ ਜੇਲ੍ਹਾਂ ਅੰਦਰ ਤੁੰਨਣ ਵਾਲੇ ਬਾਦਲ ਹੁਰੀਂ ਹੁਣ ਖੁੱਦ ਜੇਲ੍ਹਾਂ ਦੀ ਹਵਾ ਖਾ ਰਹੇ ਹਨ। 10 ਸਾਲ ਪਹਿਲਾਂ ਫਰੀਦਕੋਟ ਜ਼ਿਲ੍ਹੇ ਅੰਦਰ ਇਨਕਲਾਬੀ ਨੌਜਵਾਨਾਂ 'ਤੇ ਜਬਰ ਢਾਹੁਣ ਵਾਲੇ ਅਤੇ ਉਹਨਾਂ ਨੂੰ ਝੂਠੇ

ਕੇਸਾਂ ਵਿਚ ਉਲਝਾਉਣ ਵਾਲੇ ਉਸ ਮਕੇ ਦੇ ਐੱਸ. ਐੱਸ. ਪੀ. ਸਿਮਰਨਜੀਤ ਸਿੰਘ ਮਾਨ, ਅੱਜ ਭਾਰਤੀ ਹਾਕਮਾਂ ਦੀਆਂ ਨਜ਼ਰਾਂ ਵਿਚ 'ਖਤਰਨਾਕ ਮੁਜ਼ਰਿਮ' ਬਣ ਗਏ ਹਨ ਅਤੇ ਉਹਨਾਂ ਨੂੰ ਖੁੱਦ ਘਿਨਾਉਣੇ ਜ਼ੁਲਮਾਂ ਦਾ ਸੁਆਦ ਚੱਖਣਾ ਪੈ ਰਿਹਾ ਹੈ। ਦੋ ਦਹਾਕੇ ਪਹਿਲਾਂ ਹਾਕਮਾਂ ਨੇ ਜਿਹੜੇ ਸਿਰਾਂ ਨੂੰ 'ਬਾਗੀ ਸ਼ੇਰਾਂ' ਦੇ ਸਿਰ ਸਮਝ ਕੇ ਗੋਲੀਆਂ ਨਾਲ ਉਡਾ ਦੇਣ ਦੇ ਹੁਕਮ ਚਾੜ੍ਹ ਰੱਖੇ ਸਨ. ਉਹਨਾਂ 'ਚੋਂ ਕੁਝ ਦੇ ਧੜਾਂ ਉੱਤੇ ਹੁਣ 'ਭੇਡਾਂ' ਦੇ ਅਤੇ ਉਹ ਵੀ 'ਕਾਲੀਆ ਭੇਡਾਂ' ਦੇ ਸਿਰ ਉੱਗ ਆਏ ਹਨ। ਇਸ ਕਰਕੇ ਚਤੁਰ ਹਾਕਮ ਹੁਣ ਇਹਨਾਂ ਸਿਰਾਂ ਨੂੰ ਉਡਾਉਣ ਦੀਆਂ ਨਹੀਂ. ਪਲੋਸਣ ਦੀਆਂ ਗੱਲਾਂ ਕਰਦੇ ਹਨ। ਸ਼ਾਤਰ ਹਾਕਮਾਂ ਨੂੰ ਸਿਰਾਂ ਦੀ ਕਿੰਨੀ ਪਛਾਣ ਹੈ। ਉਹ ਆਂਧਰਾ ਪ੍ਰਦੇਸ਼ ਅੰਦਰ ਜ਼ਾਲਮ ਹਾਕਮਾਂ ਨੂੰ ਲਲਕਾਰ ਰਹੇ ਜੁਝਾਰੂ ਨਕਸਲੀਆਂ ਅਤੇ ਪੰਜਾਬ ਅੰਦਰ ਘੱਟ-ਗਿਣਤੀ ਸਿੱਖ ਭਾਈਚਾਰੇ ਵਿਰੁਧ ਜ਼ਹਿਰ ਉਗਲ ਰਹੇ ਗਦਾਰ ਨਕਸਲੀਆਂ ਵਿਚ ਖੂਬ ਨਿਖੇੜਾ ਕਰਕੇ ਚੱਲ ਰਹੇ ਹਨ ਅਤੇ ਖੁਦ ਪੰਜਾਬ ਅੰਦਰ ਵੀ ਉਹਨਾਂ ਸੱਚੇ ਅਤੇ ਝੂਠੇ ਨਕਸਲੀਆਂ ਦੀ ਪਛਾਣ ਕਰ ਰੱਖੀ ਹੈ। ਇਕ ਬੇਟੋਕ 'ਸ਼ਹਿਰੀ ਅਜ਼ਾਦੀਆਂ' ਦਾ ਅਨੰਦ ਮਾਣ ਰਹੇ ਹਨ. ਜਦ ਕਿ ਦੂਸਰਿਆਂ ਉੱਤੇ ਹਕੂਮਤੀ ਜਬਰ ਦੀ ਛਟੀ ਵਰਨ੍ਹੀ ਸ਼ੁਰੂ ਹੋ ਗਈ ਹੈ। ਨਕਸਲੀ ਲਹਿਰ ਦੇ ਉਹ ਹਿੱਸੇ. ਜਿਹੜੇ ਅੱਡ-ਅੱਡ ਕੌਮਾਂ ਨੂੰ ਗੁਲਾਮੀ ਵਿਚ ਜਕੜੀ ਬੈਠੇ ਭਾਰਤੀ ਰਾਜ ਦੇ ਇਸ ਜੇਲ੍ਹ-ਪਿੰਜਰੇ ਨੂੰ ਤੋੜ ਸੁਟਣ ਦੀਆਂ ਗੱਲਾਂ ਕਰਦੇ ਹਨ ਅਤੇ ਜਿਹੜੇ ਜ਼ੁਲਮ ਅਤੇ ਜਬਰ ਦੇ ਸ਼ਿਕਾਰ ਘੱਟ ਗਿਣਤੀ ਧਾਰਮਿਕ ਵਰਗਾਂ ਦਾ ਡੱਟਵਾਂ ਪੱਖ ਲੈਣ ਦੀ 'ਗੁਸਤਾਖੀ' ਕਰ ਰਹੇ ਹਨ, ਉਹਨਾਂ ਵੱਲ ਹਾਕਮ ਕੈਰੀ ਨਜ਼ਰ ਨਾਲ ਦੇਖ ਰਹੇ ਹਨ। ਅਸਲ ਵਿਚ ਇਹ ਇਨਕਲਾਬੀ ਹੀ ਨਕਸਲਬਾੜੀ ਲਹਿਰ ਦੇ ਸ਼ਹੀਦਾਂ ਦੇ ਸੱਚੇ ਵਾਰਿਸ ਹਨ ਅਤੇ ਉਹਨਾਂ ਦੀ ਇਨਕਲਾਬੀ ਵਿਰਾਸਤ ਨੂੰ ਜਾਰੀ ਰੱਖਣ ਤੇ ਅੱਗੇ ਵਧਾਉਣ ਦਾ ਵਾਅਦਾ ਹਨ। ਸ਼ਹੀਦਾਂ ਦੇ ਕਾਤਲਾਂ, ਯਾਨੀ ਕਿ ਭਾਰਤੀ ਹਾਕਮਾਂ ਕੋਲੋਂ ਵਡਿਆਈ-ਪੱਤਰ ਹਾਸਿਲ ਕਰਨ ਵਾਲੇ ਸਰਕਾਰੀ ਨਕਸਲੀਏ, ਸ਼ਹੀਦਾਂ ਦੇ ਵਾਰਸ ਕਿਵੇਂ ਅਖਵਾ ਸਕਦੇ ਹਨ ?

ਅੱਜ, ਨਕਸਲਬਾੜੀ ਲਹਿਰ ਦੇ ਸ਼ਹੀਦ ਸੂਰਮਿਆਂ ਦੀ ਯਾਦ ਮਨਾ ਰਹੇ ਪੰਜਾਬ ਦੇ ਇਨਕਲਾਬੀਆਂ ਅੱਗੇ ਇਹ ਸਵਾਲ ਮਿਹਣੇ ਵਾਂਗ ਤਣਿਆ ਖੜ੍ਹਾ ਹੈ ਕਿ ਪਿਛਲੇ ਇਕ ਦਹਾਕੇ ਤੋਂ, ਉਹਨਾਂ ਦਾ ਭਾਰਤੀ ਰਾਜ ਨਾਲ ਟਕਰਾ ਹਥਿਆਰਬੰਦ ਘੋਲ ਦੀ ਦਿਸ਼ਾ ਵੱਲ ਅੱਗੇ ਕਿਉਂ ਨਹੀਂ ਵੱਧ ਰਿਹਾ ? ਕੀ ਦੁਸ਼ਮਣ ਦਾ ਗੋਲੀ-ਸਿੱਕਾ ਹੀ ਖਤਮ ਹੋ ਗਿਆ ਹੈ ? ਕਦਾਚਿਤ ਨਹੀਂ। ਦੁਸ਼ਮਣ ਦੀਆਂ ਬੰਦੂਕਾ ਨੂੰ ਤਾਂ ਪਲ ਭਰ ਲਈ ਵੀ ਸਾਹ ਲੈਣ ਦਾ ਮੌਕਾ ਨਹੀਂ ਮਿਲ ਰਿਹਾ ਅਤੇ ਦੁਸ਼ਮਣ ਦੀਆਂ ਇਹ ਗੋਲੀਆਂ ਕੰਧਾਂ ਨੂੰ ਨਹੀਂ, ਧੜਕਦੇ ਜਵਾਨ ਸੀਨਿਆਂ ਨੂੰ ਛਲਣੀ ਕਰ ਰਹੀਆਂ ਹਨ।

ਤਾਂ ਫਿਰ ਕੀ ਪੰਜਾਬ ਦੇ ਇਨਕਲਾਬੀਆਂ ਦੇ ਭਾਰਤੀ ਹਾਕਮਾਂ ਨਾਲ ਲੜਾਈ ਦੇ ਮੁੱਦੇ ਹੀ ਖਤਮ ਹੋ ਗਏ ਹਨ ? ਕਦਾਚਿਤ ਨਹੀਂ। ਉਹ ਕਿਹੜਾ ਅਨਰੱਥ ਹੈ, ਜੋ ਭਾਰਤੀ ਹਾਕਮ ਨਹੀਂ ਕਰ ਰਹੇ ? ਉਹ ਕਿਹੜਾ ਉਪੱਦਰ ਹੈ. ਜੋ ਉਹ ਲੋਕਾਂ 'ਤੇ ਨਹੀਂ ਢਾਅ ਰਹੇ ? ਅਤੇ ਉਹ ਕਿਹੜਾ ਪਾਪ ਹੈ, ਜਿਸ ਨਾਲ ਉਹਨਾਂ ਆਪਣੀਆਂ ਝੋਲੀਆਂ ਨਹੀਂ ਭਰ ਰੱਖੀਆਂ ? ਸੱਚ ਤਾਂ ਇਹ ਹੈ ਕਿ ਭਾਰਤੀ ਹਾਕਮਾਂ ਖਿਲਾਫ ਲੜਾਈ ਦੇ ਮੁੱਦੇ ਤੇ ਲੜਾਈ ਦੀ ਲੋੜ ਸਗੋਂ ਪਹਿਲਾਂ ਨਾਲੋਂ ਕਿਤੇ ਵੱਧ ਗਈ ਹੈ।

ਸੱਚੀ ਸ਼ਰਧਾਂਜਲੀ

ਸੋ ਨਾ ਤਾਂ ਦੁਸ਼ਮਣ ਦਾ ਗੋਲੀ-ਸਿੱਕਾ ਖਤਮ ਹੋਇਆ ਹੈ ਤੇ ਨਾ ਹੀ ਉਸ ਨਾਲ ਲੜਾਈ ਦੇ ਮੁੱਦੇ ਖਤਮ ਹੋਏ ਹਨ। ਜੇ ਕੁਛ ਖਤਮ ਹੋਇਆ ਹੈ ਤਾਂ ਇਨਕਲਾਬੀ ਲਹਿਰ ਦੇ ਕੁਝ ਹਿੱਸਿਆਂ ਅੰਦਰੋਂ. ਦੁਸ਼ਮਣ ਨਾਲ ਲੜਨ ਦੀ ਰੁਚੀ.ਇਰਾਦਾ ਤੇ ਤੰਤ ਖਤਮ ਹੋਇਆ ਹੈ। ਅਤੇ ਕੁਝ ਹਿੱਸੇ ਅਜਿਹੇ ਹਨ. ਜਿਹੜੇ ਆਪਣੀ ਸਿਧਾਂਤਿਕ ਬੇਸਮਝੀ ਕਾਰਨ ਅਸਲੀ ਦੁਸ਼ਮਣ ਦੀ ਪਛਾਣ ਕਰਨੋਂ ਹੀ ਜਾਂਦੇ ਰਹੇ ਹਨ। ਵਜ੍ਹਾ ਭਾਵੇ ਸਿਧਾਂਤਿਕ ਬੇਸਮਝੀ ਹੋਵੇ ਜਾਂ ਇਨਕਲਾਬੀ ਦਿਆਨਤਦਾਰੀ ਦੀ ਘਾਟ, ਪਰ ਇਸ ਤੱਥ ਤੋਂ ਮੁਨੱਕਰ ਨਹੀਂ ਹੋਇਆ ਜਾ ਸਕਦਾ ਕਿ ਲੜਾਕੂ ਸਪਿਰਟ, ਕੁਰਬਾਨੀ ਦੇ ਜਜ਼ਬੇ ਅਤੇ ਇਨਕਲਾਬੀ ਸੂਰਮਗਤੀ ਦੇ ਜਿਨ੍ਹਾਂ ਗੁਣਾਂ ਕਾਰਨ ਨਕਸਲਬਾੜੀ ਲਹਿਰ ਦੀ ਨਿਵੇਕਲੀ ਸ਼ਾਨ ਤੇ ਠੁੱਕ ਕਾਇਮ ਹੋਈ ਸੀ. ਉਸ ਨੂੰ ਵੱਡੀ ਢਾਹ ਲੱਗੀ ਹੈ। ਇਨਕਲਾਬੀ ਲਹਿਰ ਦੇ ਜਿਨ੍ਹਾਂ ਰੋਸ਼ਨ ਪੱਖਾਂ ਦੇ ਰੰਗ ਸ਼ਹੀਦ ਸੂਰਮਿਆਂ ਨੇ ਆਪਣੇ ਖੂਨ ਨਾਲ ਉਘੇੜੇ ਸਨ, ਉਹਨਾਂ ਉੱਤੇ ਗੈਰ-ਇਨਕਲਾਬੀ ਸੋਚਾਂ ਤੇ ਅਮਲਾਂ ਦੀ ਇਕ ਮੈਲ ਜਿਹੀ ਜੰਮ ਕੇ ਰਹਿ ਗਈ ਹੈ। ਅੱਜ ਨਕਸਲਬਾੜੀ ਲਹਿਰ ਦੇ ਸ਼ਹੀਦਾਂ ਨੂੰ ਯਾਦ ਕਰਨ ਦਾ ਅਸਲੀ ਅਰਥ ਇਹੀ ਬਣਦਾ ਹੈ ਕਿ ਲਹਿਰ ਦੀ ਸਿਧਾਂਤਕ ਸੇਧ ਅੰਦਰਲੀਆਂ ਸਿਧਾਂਤਕ ਤਰੁੱਟੀਆਂ ਤੇ ਗਲਤੀਆਂ ਨੂੰ ਦੂਰ ਕਰਦੇ ਹੋਏ. ਇਸ ਦੀ ਇਨਕਲਾਬੀ ਰੂਹ ਨੂੰ ਮੁੜ-ਸੁਰਜੀਤ ਕੀਤਾ ਜਾਵੇ ਅਤੇ ਸ਼ਹੀਦ ਸਾਥੀਆਂ ਦੇ ਅਧੂਰੇ ਸੁਪਨਿਆਂ ਨੂੰ ਸਾਕਾਰ ਕਰਨ ਲਈ, ਭਾਰਤੀ ਹਾਕਮਾਂ ਖਿਲਾਫ ਇਨਕਲਾਬੀ ਜੰਗ ਨੂੰ ਪਰਚੰਡ ਕੀਤਾ ਜਾਏ। ਪੰਜਾਬ ਅੰਦਰ ਸ਼ਹੀਦ ਬਾਬਾ ਬੂਝਾ ਸਿੰਘ. ਕਾਮਰੇਡ ਬੰਤ ਸਿੰਘ ਰਾਜੇਆਣਾ ਕਾਮਰੇਡ ਇਕਬਾਲ ਸਿੰਘ ਮੰਗੂਵਾਲ. ਕਾਮਰੇਡ ਦਯਾ ਸਿੰਘ, ਕਾਮਰੇਡ ਬਖਸ਼ੀਸ਼ ਸਿੰਘ 'ਮੋਰਕਰੀਮਾ', ਕਾਮਰੇਡ ਪਿਆਰਾ ਸਿੰਘ ਦੱਧਾਹੂਰ ਕਾਮਰੇਡ ਤਰਸੇਮ ਬਾਵਾ ਅਤੇ ਦਰਜਨਾਂ ਹੋਰ ਸ਼ਹੀਦ ਸੂਰਮਿਆਂ ਨੇ ਆਪਣੇ ਖੂਨ ਨਾਲ ਹਥਿਆਰਬੰਦ ਸੰਘਰਸ਼ ਦੀ ਜੋਤ ਜਗਾਈ ਸੀ। ਭਾਰਤੀ ਹਾਕਮਾਂ ਖਿਲਾਫ ਹਥਿਆਰਬੰਦ ਸੰਘਰਸ਼ ਦੀ ਇਸ ਲਾਟ ਨੂੰ ਹੋਰ ਪਰਚੰਡ ਕਰਨਾ ਹੀ ਸ਼ਹੀਦ ਸੂਰਮਿਆਂ ਨੂੰ ਸੱਚੀ ਸ਼ਰਧਾਂਜਲੀ ਹੈ।

ਚੀਨ 'ਚ ਵਿਦਿਆਰਥੀਆਂ ਦਾ ਕਤਲੇਆਮ

ਡੇਂਗ-ਲੀ ਪੇਂਗ ਜੁੰਡਲੀ ਦਾ ਖ਼ੂਨੀ ਚਿਹਰਾ ਬੇਨਕਾਬ

ਚੀਨੀ ਫ਼ੌਜ ਨੇ 4 ਜੂਨ ਨੂੰ ਚੀਨ ਦੇ ਇਤਿਹਾਸਿਕ ਤੀਆਨਾਨਮੈਨ ਚੌਂਕ ਅਤੇ ਪੀਕਿੰਗ ਦੀਆਂ ਗਲੀਆਂ ਅਤੇ ਬਜ਼ਾਰਾਂ ਵਿਚ ਅੰਨੇਵਾਹ ਫ਼ਾਇਰਿੰਗ ਕਰਕੇ ਹਜ਼ਾਰਾਂ ਹੀ ਵਿਦਿਆਰਥੀਆਂ ਅਤੇ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਹੈ। ਵਿਦਿਆਰਥੀਆਂ ਨੇ ਮਹੀਨੇ ਭਰ ਤੋਂ ਚੌਂਕ 'ਤੇ ਕਬਜ਼ਾ ਕੀਤਾ ਹੋਇਆ ਸੀ ਅਤੇ ਉਹ ਲੱਖਾਂ ਦੀ ਗਿਣਤੀ ਵਿਚ ਇਕੱਠੇ ਹੋ ਕੇ ਰੈਲੀਆਂ, ਮੁਜ਼ਾਹਰੇ ਕਰ ਰਹੇ ਸਨ ਅਤੇ ਮੰਗ ਕਰ ਰਹੇ ਸਨ ਕਿ ਚੀਨ ਦੀ ਹਕੂਮਤ 'ਤੇ ਕਾਬਜ਼ ਡੇਂਗ ਸਿਆਓ ਪਿੰਗ ਜੁੰਡਲੀ ਵਲੋਂ ਚੀਨੀ ਲੋਕਾਂ 'ਤੇ ਧੱਕੇ ਨਾਲ ਥੋਪੀ ਹੋਈ ਫ਼ਾਸ਼ੀ ਤੇ ਜਾਬਰ ਡਿਕਟੇਟਰਸ਼ਿਪ ਦਾ ਖ਼ਾਤਮਾ ਕੀਤਾ ਜਾਵੇ, ਚੀਨ ਅੰਦਰ ਜਮਹੂਰੀਅਤ ਸਥਾਪਿਤ ਕੀਤੀ ਜਾਵੇ, ਪਾਰਟੀ ਅਤੇ ਰਾਜ ਦੇ ਉੱਚ-ਅਧਿਕਾਰੀਆਂ ਵਲੋਂ ਭ੍ਰਿਸ਼ਟ ਢੰਗ-ਤਰੀਕੇ ਵਰਤ ਕੇ ਲੱਖਾਂ-ਕਰੋੜਾਂ ਰੁਪਏ ਬਨਾਉਣ ਦੇ ਸਕੈਂਡਲ ਦੀ ਪੜਤਾਲ ਕਰਵਾਈ ਜਾਵੇ, ਵੱਧ ਰਹੀਆਂ ਕੀਮਤਾਂ 'ਤੇ ਰੋਕ ਲਾਈ ਜਾਵੇ।

ਚੀਨੀ ਹਾਕਮਾਂ ਨੇ ਵਿਦਿਆਰਥੀਆਂ ਵਲੋਂ ਉਭਾਰੀਆਂ ਜਾ ਰਹੀਆਂ ਮੰਗਾਂ ਵਲ ਕੰਨ ਕਰਨ ਦੀ ਥਾਂ ਉਲਟਾ ਮਾਰਸ਼ਲ ਲਾਅ ਲਾ ਦਿੱਤਾ ਤੇ 20 ਮਈ ਨੂੰ ਫ਼ੌਜ ਨੂੰ ਵਿਦਿਆਰਥੀਆਂ ਨੂੰ ਕੁਚਲ ਸੁੱਟਣ ਦੇ ਹੁਕਮ ਚਾੜ੍ਹ ਦਿੱਤੇ। ਮਾਰਸ਼ਲ ਲਾਅ ਅਤੇ ਫੌਜ ਦੀ ਚੜ੍ਹਾਈ ਦੀ ਖ਼ਬਰ ਸੁਣਦਿਆਂ ਹੀ ਚੀਨ ਦੇ ਲੱਖਾਂ-ਕਰੋੜਾਂ ਲੋਕ ਘਰਾਂ ਤੋਂ ਬਾਹਰ ਨਿਕਲ ਆਏ। ਜਿਥੇ ਉਹਨਾਂ ਇਕ ਪਾਸੇ ਫੌਜ ਨੂੰ ਵਿਦਿਆਰਥੀਆਂ ਵੱਲ ਅਗਾਂਹ ਵਧਣ ਤੋਂ ਰੋਕ ਦਿੱਤਾ, ਉਥੇ ਨਾਲ ਹੀ ਚੀਨ ਦੇ ਤਕਰੀਬਨ ਸਭ ਦੇ ਸਭ ਮਹੱਤਵਪੂਰਣ ਸ਼ਹਿਰਾਂ ਵਿਚ ਵਿਦਿਆਰਥੀਆਂ ਵਲੋਂ ਪੇਸ਼ ਕੀਤੀਆਂ ਜਾ ਰਹੀਆਂ ਮੰਗਾਂ ਦੇ ਹੱਕ ਵਿਚ ਮੁਜ਼ਾਹਰੇ ਆਰੰਭ ਦਿੱਤੇ। ਇਹਨਾਂ ਮੁਜ਼ਾਹਰਾਕਾਰੀਆਂ ਨੂੰ, ਜਿਹਨਾਂ ਵਿਚ ਚੀਨ ਦੀ ਮਜ਼ਦੂਰ ਜਮਾਤ ਵੀ ਚੋਖੀ ਗਿਣਤੀ ਵਿਚ ਸ਼ਾਮਿਲ ਸੀ, ਵਿਦਿਆਰਥੀਆਂ ਦੀ ਹਰ ਮੰਗ ਵਾਜਬ ਲੱਗਦੀ ਸੀ।

ਲੋਕ ਫੌਜ ਦੇ ਮੂਹਰੇ ਕੰਧਾਂ ਬਣ ਕੇ ਖੜ੍ਹ ਗਏ। ਉਹਨਾਂ ਨੇ ਆਪਣੇ-ਆਪ ਨੂੰ ਸ਼ਿਫ਼ਟਾਂ ਵਿਚ ਵੰਡ ਲਿਆ ਤਾਂ ਕਿ 24 ਘੰਟੇ ਫੌਜ ਦੀ ਪੇਸ਼ਕਦਮੀ 'ਤੇ ਅੱਖ ਰਖੀ ਜਾ ਸਕੇ ਅਤੇ ਉਸ ਨੂੰ ਇਕ ਵੀ ਪੈਰ ਅਗਾਂਹ ਨਾ ਵਧਣ ਦਿਤਾ ਜਾਵੇ। ਜਦੋਂ ਲੋਕਾਂ ਨੂੰ ਪਤਾ ਲਗਿਆ ਕਿ ਗੱਡੀਆਂ ਰਾਹੀਂ ਹੋਰ ਫੌਜ ਆ ਰਹੀ ਹੈ ਤਾਂ ਉਹਨਾਂ ਦੇ ਕੁਝ ਹਿੱਸੇ ਰੇਲਵੇ ਲਾਈਨ ਵਲ ਹੋ ਤੁਰੇ ਅਤੇ ਗੱਡੀਆਂ ਅਗੇ ਲੰਮੇ ਪੈ ਗਏ। ਫੌਜ ਨੂੰ ਅਗਾਂਹ ਤੋਰਨ ਵਿਚ ਕੋਈ ਵੀ ਪੇਸ਼ ਨਾ ਜਾਂਦੀ ਦੇਖ ਕੇ ਚੀਨੀ ਹਾਕਮਾਂ ਨੇ ਰੇਲ ਗੱਡੀਆਂ ਨੂੰ ਲੋਕਾਂ ਨੂੰ ਕੁਚਲ ਕੇ ਅਗੇ ਲੰਘ ਜਾਣ ਦਾ ਹੁਕਮ ਦੇ ਦਿਤਾ। ਸ਼ੰਘਾਈ ਦੇ ਨੇੜੇ ਇਕ ਅਜਿਹੀ ਗੱਡੀ ਛੇ ਲੋਕਾਂ ਨੂੰ ਦਰੜ ਕੇ ਲੰਘ ਗਈ, ਜੋ ਬਾਅਦ ਵਿਚ ਲੋਕਾਂ ਦੇ ਹੱਕੀ ਗੁੱਸੇ ਦਾ ਸ਼ਿਕਾਰ ਹੁੰਦਿਆਂ ਸੜ ਕੇ ਸੁਆਹ ਹੋ ਗਈ। ਲੋਕਾਂ ਦੀ ਦ੍ਰਿੜਤਾ ਨੂੰ ਦੇਖਦਿਆਂ ਹੋਇਆਂ ਫੌਜ ਦੇ ਕੁਝ ਹਿੱਸਿਆਂ ਨੇ ਵੀ ਵਿਦਿਆਰਥੀਆਂ ਵਲ ਵਧਣ ਤੋਂ ਇਨਕਾਰ ਕਰ ਦਿਤਾ। ਇਸ 'ਤੇ ਚੀਨ ਦੇ ਮਿਲਟਰੀ ਕਮਿਸ਼ਨ ਦੇ ਚੇਅਰਮੈਨ ਡੇਂਗ ਸਿਆਓ ਪਿੰਗ ਨੂੰ ਆਪਣੀਆਂ ਵਫ਼ਾਦਾਰ ਡਵੀਜ਼ਨਾਂ ਨੂੰ ਅਗੇ ਲਿਆਉਣਾ ਪਿਆ। ਪੂਰੇ 15 ਦਿਨ ਚੀਨੀ ਲੋਕਾਂ ਨੇ ਚੀਨੀ ਫੌਜ ਦੀ ਇਕ ਵੀ ਚੱਲਣ ਨਾ ਦਿਤੀ।

ਅਖੀਰ 4 ਜੂਨ ਨੂੰ ਸਵੇਰੇ ਚੀਨੀ ਫੌਜ ਦੇ ਟੈਂਕ ਲੋਕਾਂ ਨੂੰ ਕੁਚਲਦੇ ਅਤੇ ਚਾਰੇ ਪਾਸੇ ਗੋਲੀਆਂ ਦੀ ਵਰਖਾ ਕਰਦੇ ਹੋਏ ਚੌਂਕ ਤਕ ਪੁੱਜ ਗਏ ਅਤੇ ਹਜ਼ਾਰਾਂ ਵਿਦਿਆਰਥੀਆਂ ਨੂੰ ਕਤਲ ਕਰਨ, ਅਣਗਿਣਤ ਨੂੰ ਜ਼ਖਮੀ ਅਤੇ ਗ੍ਰਿਫ਼ਤਾਰ ਕਰਨ ਤੋਂ ਬਾਅਦ ''ਤੀਆਨਾਨਮੈਨ ਚੌਂਕ 'ਤੇ ਕਬਜ਼ਾ ਕਰ ਲਿਆ। ਚੀਨੀ ਹਾਕਮਾਂ ਦੀ ਖ਼ੂਨ ਦੀ ਪਿਆਸ ਏਨੇ ਨਾਲ ਵੀ ਨਹੀਂ ਮਿਟੀ। ਹੁਣ ਉਹਨਾਂ ਨੇ ਗ੍ਰਿਫ਼ਤਾਰ ਵਿਦਿਆਰਥੀਆਂ ਅਤੇ ਲੋਕਾ ਵਿਚੋਂ ਵਧ ਕਣ ਵਾਲਿਆਂ ਨੂੰ ਚੁਣ-ਚੁਣ ਕੇ ਮੌਤ ਦੀਆਂ ਸਜ਼ਾਵਾਂ ਸੁਨਾਉਣਾ ਅਤੇ ਉਹਨਾਂ 'ਤੇ ਫੌਰੀ ਅਮਲ ਕਰਨਾ ਸ਼ੁਰੂ ਕਰ ਦਿਤਾ ਹੈ। ਉਹ ਉਹਨਾਂ ਨੂੰ ਆਪਣਾ ਪੱਖ ਪੇਸ਼ ਨਹੀਂ ਕਰਨ ਦੇ ਰਹੇ। ਮੌਤ ਦੀਆਂ ਇਹਨਾਂ ਸਜ਼ਾਵਾਂ ਰਾਹੀਂ, ਸਜ਼ਾ-ਯਾਫ਼ਤਾ ਨੌਜਵਾਨਾਂ ਨੂੰ ਲੋਕਾਂ ਸਾਹਮਣੇ ਲਿਆ ਕੇ ਗੋਲੀਆਂ ਨਾਲ ਉਡਾਉਣ ਰਾਹੀਂ ਉਹ ਚੀਨ ਦੀ ਬਾਗੀ ਜਵਾਨੀ ਅੰਦਰ ਦਹਿਸ਼ਤ ਪਾਉਣਾ ਚਾਹੁੰਦੇ ਹਨ। ਪਰ ਉਹਨਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਠਾਰਵੀਂ, ਉਨੀਵੀਂ ਸਦੀ ਵਾਲੇ ਇਹਨਾਂ ਜਾਂਗਲੀ ਢੰਗ ਤਰੀਕਿਆਂ ਨੂੰ ਅਪਨਾਉਣ ਵਾਲੇ ਨਾ ਤਾਂ ਪਹਿਲਾਂ ਹੀ ਕਦੀ ਕਾਮਯਾਬ ਹੋਏ ਸਨ ਅਤੇ ਨਾ ਹੀ ਹੁਣ ਉਹ ਹੋਣਗੇ।

ਮਾਓ ਬਨਾਮ ਡੇਂਗ

ਚੀਨ ਵਿਚ 1949 ਵਿਚ ਮਾਓ ਜ਼ੇ ਤੁੰਗ ਦੀ ਅਗ-ਵਾਈ ਹੇਠ ਹੋਏ ਇਨਕਲਾਬ ਤੋਂ ਬਾਅਦ ਮਾਓ ਦੇ ਸਮੇਂ

ਦੌਰਾਨ ਕਦੀ ਵੀ ਇਹੋ ਜਿਹੀਆਂ ਮੰਗਾਂ ਨਹੀਂ ਉਠੀਆਂ ਜਿਹੋ ਜਿਹੀਆਂ ਅੱਜ ਉਠ ਰਹੀਆਂ ਹਨ, ਨਾ ਹੀ ਮਾਓ ਦੇ ਸਮੇਂ 4 ਜੂਨ ਵਰਗਾ ਕੋਈ ਘੱਲੂਘਾਰਾ ਵਾਪਰਿਆ, ਨਾ ਹੀ ਸਿਆਸੀ ਵਿਰੋਧੀਆਂ ਅਤੇ ਸਿਆਸੀ ਕੈਦੀਆਂ ਨੂੰ ਮੌਜੂਦਾ ਹਾਕਮਾਂ ਵਰਗੇ ਪਸ਼ੂਪੁਣੇ ਨਾਲ ਦਬਾਉਣ ਦੀ ਕੋਈ ਮਿਸਾਲ ਮਿਲਦੀ ਹੈ। ਮਾਓ ਦੇ ਕੱਟੜ ਵਿਰੋਧੀ, ਪੱਛਮੀ ਦੇਸ਼ਾਂ ਵਾਲੇ, ਉਸ ਸਮੇਂ ਚੀਨ ਬਾਰੇ ਹੋਰ ਜੋ ਕੁਝ ਮਰਜ਼ੀ ਕਹਿੰਦੇ ਰਹੇ ਹੋਣ ਪਰ ਉਹ ਚੀਨ ਅੰਦਰ ਕਿਸੇ ਕਿਸਮ ਦੇ ਭਰਿਸ਼ਟਾਚਾਰ, ਮਹਿੰਗਾਈ ਅਤੇ ਬੇ-ਰੁਜ਼ਗਾਰੀ ਵਰਗੀਆਂ ਅਲਾਮਤਾਂ ਦੀ ਕਦੀ ਵੀ ਕੋਈ ਮਿਸਾਲ ਨਹੀਂ ਸੀ ਦੇ ਸਕੇ। ਮਾਓ ਦੀ ਆਪਣੇ ਸਿਆਸੀ ਵਿਰੋਧੀਆਂ ਪ੍ਰਤੀ ਪਹੁੰਚ ਵੀ ਇਹਨਾਂ ਨਾਲੋਂ ਇਕ ਦਮ ਵੱਖਰੀ ਸੀ।

ਡੇਂਗ ਸਿਆਓ ਪਿੰਗ ਦੀ ਹੀ ਮਿਸਾਲ ਲਈ ਜਾ ਸਕਦੀ ਹੈ। ਉਹ ਮਾਓ ਦੇ ਸਮੇਂ ਮਾਓ ਦਾ ਕੱਟੜ ਵਿਰੋਧੀ ਰਿਹਾ ਹੈ। ਮਹਾਨ ਸੱਭਿਆਚਾਰਕ ਇਨਕਲਾਬ ਸਮੇਂ ਉਸ ਦਾ ਪਾਰਟੀ ਵਿਚ ਅਹੁਦਾ ਜ਼ਰੂਰ ਘਟਾ ਦਿੱਤਾ ਗਿਆ ਸੀ ਅਤੇ ਅਜਿਹਾ ਕਰਨਾ ਦਰੁਸਤ ਵੀ ਸੀ ਕਿਉਂਕਿ ਉਹ ਸਮਾਜ-ਵਾਦ ਦੇ ਪਰਦੇ ਹੇਠ ਚੀਨ ਨੂੰ ਸਰਮਾਏਦਾਰਾ ਲੀਹਾਂ ਉੱਤੇ ਪਾਉਣਾ ਲੋਚਦੇ ਚੀਨੀ ਆਗੂਆਂ ਦੇ ਇਕ ਗਰੁੱਪ ਦੇ ਮੋਹ-ਰੀਆਂ ਵਿਚੋਂ ਸੀ ਪਰ ਉਸ ਨੂੰ ਕਦੀ ਜੇਲ੍ਹ ਵਿਚ ਨਹੀਂ ਸੀ ਪਾਇਆ ਗਿਆ ਅਤੇ ਨਾ ਹੀ ਗੋਲੀ ਨਾਲ ਉਡਾਇਆ ਗਿਆ ਗਿਆ ਸੀ। ਜੇਲ੍ਹ ਵਿਚ ਪਾਉਣ ਦੀ ਥਾਂ ਕੁਝ ਸਾਲਾਂ ਬਾਅਦ ਉਸ ਨੂੰ ਮੁੜ ਉਸ ਦੇ ਅਹੁਦੇ 'ਤੇ ਬਹਾਲ ਕਰ ਦਿੱਤਾ ਗਿਆ ਸੀ। ਉਹ ਮਾਓ ਦੀ ਮੌਤ ਤੱਕ ਇਸ ਅਹੁਦੇ 'ਤੇ ਬਰਕਰਾਰ ਰਿਹਾ ਭਾਵੇਂਕਿ ਉਹ ਆਪਣੇ ਮਾਓ ਵਿਰੋਧੀ ਵਿਚਾਰਾਂ ਨੂੰ ਤਜਣ ਤੋਂ ਇਨਕਾਰੀ ਰਿਹਾ ਹੈ। ਜਿਥੋਂ ਤਕ ਜਮਹੂਰੀਅਤ ਦਾ ਸਵਾਲ ਹੈ ਮਾਓ ਨੇ ਚੀਨੀ ਕਮਿਊਨਿਸਟ ਪਾਰਟੀ ਦੀ ਨੌਵੀਂ ਕਾਂਗਰਸ ਦੇ ਦੂਸਰੇ ਪਲੈਨਮ ਸਮੇਂ ਵਿਧਾਨ ਵਿਚ ਸੋਧ ਕਰਵਾ ਕੇ ਇਹ ਦਰਜ ਕਰਵਾਇਆ ਸੀ, "ਲੋਕਾਂ ਨੂੰ ਖੁੱਲ੍ਹ ਕੇ ਬੋਲਣ, ਆਪਣੇ ਵਿਚਾਰਾਂ ਨੂੰ ਪ੍ਰਗਟਾਉਣ, ਵੱਡੀਆਂ ਬਹਿਸਾਂ ਜਥੇਬੰਦ ਕਰਨ ਅਤੇ ਵੱਡੇ ਪੋਸਟਰ ਲਾਉਣ ਦਾ ਅਧਿਕਾਰ ਹੈ।" ਪਰ ਡੇਂਗ ਸਿਆਓ ਪਿੰਗ ਨੇ ਮਾਓ ਦੀ ਮੌਤ ਤੋਂ ਬਾਅਦ ਚੀਨ ਦੀ ਸਰਕਾਰ ਅਤੇ ਪਾਰਟੀ 'ਤੇ ਕਾਬਜ਼ ਹੋਣ ਪਿੱਛੋਂ ਚੀਨੀ ਲੋਕਾਂ ਦੇ ਇਹਨਾਂ ਸਾਰੇ ਜਮਹੂਰੀ ਹੱਕਾਂ ਨੂੰ ਖਤਮ ਕਰ ਦਿੱਤਾ।

ਇਹ ਸਾਰੇ ਤੱਥ ਅਤੇ 4 ਜੂਨ ਵਾਲਾ ਘੱਲੂਘਾਰਾ ਸਪੱਸ਼ਟ ਰੂਪ 'ਚ ਦਿਖਾਉਂਦੇ ਹਨ ਕਿ ਚੀਨ ਦੇ ਮੌਜੂਦਾ ਆਗੂ ਡੇਂਗ ਸਿਆਓ ਪਿੰਗ ਦਾ ਇਨਕਲਾਬੀ ਚੀਨ ਦੇ ਆਗੂ ਮਾਓ ਜੇ ਤੁੰਗ ਨਾਲ ਕੁਝ ਵੀ ਸਾਂਝਾ ਨਹੀਂ, ਅਸਲ ਵਿਚ ਉਹ ਉਸੇ ਹੀ ਨਸਲ ਦਾ ਹੈ, ਜਿਸ ਨਸਲ ਦੇ ਹਿਟਲਰ, ਮੁਸੋਲੀਨੀ, ਚਿਆਂਗ ਕਾਈ ਸ਼ੇਕ, ਜੌਹਨਸਨ, ਨਿਕਸਨ ਅਤੇ ਖ਼ੁਮੈਨੀ ਵਰਗੇ ਸਨ।

ਚੀਨ ਅੰਦਰ ਵਾਪਰੀਆਂ ਮੌਜੂਦਾ ਘਟਨਾਵਾਂ ਦਾ ਮੁੱਢ ਉਸ ਸਮੇਂ ਹੀ ਬੱਝ ਗਿਆ ਸੀ, ਜਦੋਂ ਕਾਮਰੇਡ ਮਾਓ ਜੇ ਤੁੰਗ ਦੀ ਮੌਤ ਤੋਂ ਬਾਅਦ ਡੇਂਗ ਸਿਆਓ ਪਿੰਗ ਗੁੱਟ ਨੇ ਚੀਨੀ ਰਾਜ ਅਤੇ ਚੀਨੀ ਕਮਿਊਨਿਸਟ ਪਾਰਟੀ 'ਤੇ ਕਬਜ਼ਾ ਕਰਕੇ ਮਾਓ ਜੇ ਤੁੰਗ ਦੇ ਨਜ਼ਦੀਕੀ ਚਾਰ ਪ੍ਰਮੁੱਖ ਇਨਕਲਾਬੀ ਆਗੂਆਂ ਨੂੰ ਕੈਦ ਕਰਕੇ ਚੀਨ ਦੀ ਸਮਾਜਵਾਦੀ ਆਰਥਿਕਤਾ ਨੂੰ ਤਹਿਸ-ਨਹਿਸ ਕਰਕੇ ਸਰਮਾਏਦਾਰਾ ਲੀਹਾਂ 'ਤੇ ਪਾਉਣਾ ਸ਼ੁਰੂ ਕਰ ਦਿੱਤਾ ਸੀ।

ਡੇਂਗ ਸਿਆਓ ਪਿੰਗ ਗੁੱਟ ਨੇ ਦਲੀਲ ਦਿੱਤੀ ਕਿ ਚੀਨ ਸਾਹਮਣੇ ਮੁੱਖ ਮਸਲਾ ਪੈਦਾਵਾਰ ਨੂੰ ਵਧਾਉਣ ਦਾ ਹੈ ਅਤੇ ਇਹ ਜਿਵੇਂ-ਕਿਵੇਂ ਵੀ ਵਧਦੀ ਹੋਵੇ, ਉਵੇਂ ਹੀ ਵਧਾ ਲੈਣੀ ਚਾਹੀਦੀ ਹੈ। ਮਗਰਲੀ ਗੱਲ ਦੀ ਵਜ਼ਾਹਤ ਕਰਦਿਆਂ ਉਹ ਡੇਂਗ ਸਿਆਓ ਪਿੰਗ ਦੇ ਇਸ ਕਥਨ ਦਾ ਹਵਾਲਾ ਦੇਂਦੇ ਸਨ, "ਜੇ ਬਿੱਲੀ ਕਾਮਯਾਬੀ ਨਾਲ ਚੂਹੇ ਫੜ ਲੈਂਦੀ ਹੋਵੇ ਤਾਂ ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਕਿ ਉਹ ਕਾਲੀ ਹੈ ਜਾਂ ਚਿੱਟੀ।" ਇਸ ਤੋਂ ਉਲਟ ਮਾਓ ਜੇ ਤੁੰਗ ਅਤੇ ਉਸ ਦੇ ਸਾਥੀ ਕਿਹਾ ਕਰਦੇ ਸਨ ਕਿ ਚੀਨ ਸਾਹਮਣੇ ਮੁੱਖ ਮਸਲਾ ਪੈਦਾਵਾਰ ਨੂੰ ਵਧਾਉਣ ਤੋਂ ਵੱਧ ਪੈਦਾਵਾਰ ਦੀ ਪ੍ਰਕ੍ਰਿਆ 'ਤੇ ਮਜ਼ਦੂਰ ਜਮਾਤ ਦਾ ਕੰਟਰੋਲ ਸਥਾਪਿਤ ਕਰਨ ਦਾ ਹੈ। ਸਰਮਾਏਦਾਰਾ ਪ੍ਰਬੰਧ ਵਿਚ ਮਜ਼ਦੂਰ ਮਹਿਜ਼ ਮਸ਼ੀਨ ਦਾ ਇਕ ਬੇਜਾਨ ਜਿਹਾ ਪੁਰਜ਼ਾ ਬਣ ਕੇ ਰਹਿ ਜਾਂਦਾ ਹੈ। ਇਸ ਤਰ੍ਹਾਂ ਸਰਮਾਏਦਾਰੀ ਨਿਜ਼ਾਮ ਹੇਠ ਮਜ਼ਦੂਰ ਪੈਦਾਵਾਰ ਦੀ ਪ੍ਰਕ੍ਰਿਆ ਦੇ ਅਧੀਨ ਹੁੰਦਾ ਹੈ ਜਦੋਂ ਕਿ ਸਮਾਜਵਾਦ ਪੈਦਾਵਾਰ ਦੀ ਪਰ-ਕ੍ਰਿਆ ਨੂੰ ਮਜ਼ਦੂਰ ਜਮਾਤ ਦੇ ਅਧੀਨ ਕਰ ਦੇਂਦਾ ਹੈ। ਪੈਦਾ ਵਾਰ ਦੀ ਪ੍ਰਕ੍ਰਿਆ ਸਮੇਤ ਸਮਾਜ ਦੇ ਹਰ ਖੇਤਰ ਅੰਦਰ ਆਪਣੀ ਸਰਦਾਰੀ ਸਥਾਪਿਤ ਕਰਨ ਦੀ ਸਿਆਸਤ ਨਾਲ ਉਤਸ਼ਾਹਤ ਮਜ਼ਦੂਰ ਜਮਾਤ ਹੀ ਪੈਦਾਵਾਰ ਦੇ ਖੇਤਰ ਅੰਦਰ ਮਾਹਰਕੇ ਮਾਰਨ ਦੇ ਯੋਗ ਹੋ ਸਕਦੀ ਹੈ।

ਡੇਂਗ ਨੇ ਮੁਨਾਫਾ ਪ੍ਰਧਾਨ ਕਰ ਦਿੱਤਾ

ਡੇਂਗ ਸਿਆਓ ਪਿੰਗ ਗੁੱਟ ਨੇ ਚੀਨ ਦੀ ਆਰਥਿਕਤਾ ਅੰਦਰ ਮੁਨਾਫੇ ਨੂੰ ਪ੍ਰਧਾਨ ਕਰ ਦਿੱਤਾ। ਉਸ ਦਾ ਕਹਿਣਾ ਸੀ ਕਿ ਜਿਨਾ ਵੀ ਵੱਧ ਮੁਨਾਫਾ ਕੋਈ ਅਦਾਰਾ ਕਮਾਏਗਾ ਅਗਲੇ ਸਾਲ ਉਹ ਓਨੀ ਹੀ ਵੱਧ ਪੈਦਾਵਾਰ ਕਰੇਗਾ। ਵੱਧ ਤੋਂ ਵੱਧ ਮੁਨਾਫਾ ਕਮਾਉਣ ਦੀ ਦੌੜ ਵਿਚ ਜਿਥੇ ਇਕ ਪਾਸੇ ਵੱਖ-ਵੱਖ

ਅਦਾਰਿਆਂ ਦਰਮਿਆਨ ਇਕ ਦੂਸਰੇ ਦੀ ਕੀਮਤ 'ਤੇ ਅੱਗੇ ਵਧਣ ਲਈ ਮੁਕਾਬਲੇਬਾਜ਼ੀ ਤੇਜ਼ ਹੋ ਗਈ ਉਥੇ ਨਾਲ ਹੀ ਅਦਾਰਿਆਂ ਦੇ ਪ੍ਰਬੰਧਕਾਂ ਵਲੋਂ ਮਜ਼ਦੂਰਾਂ ਦੀ ਲੁੱਟ-ਖਸੁੱਟ ਨੂੰ ਤਿੱਖਾ ਕਰ ਦਿੱਤਾ ਗਿਆ ਹੈ। ਕਿਉਂਕਿ ਮੁਨਾਫਾ ਪਲਦਾ ਹੀ ਮਜ਼ਦੂਰ ਦੇ ਖੂਨ 'ਤੇ ਹੈ। ਪਰ ਮਾਓ ਜੇ ਤੁੰਗ ਦੀ ਅਗਵਾਈ ਹੇਠ ਲਗਾਤਾਰ ਸਿਆਸੀ ਮੁਹਿੰਮਾਂ ਵਿਚ ਲੰਘੀ ਚੀਨ ਦੀ ਮਜ਼ਦੂਰ ਜਮਾਤ ਚੀਨੀ ਹਾਕਮਾਂ ਨੂੰ ਸੌਖ ਨਾਲ ਹੀ ਆਪਣਾ ਖੂਨ ਚੂਸਣ ਦੇਣ ਦੀ ਇਜਾਜ਼ਤ ਨਹੀਂ ਸੀ ਦੇਣ ਲੱਗੀ ਅਤੇ ਉਸ ਵਲੋਂ ਇਸ ਦਾ ਜ਼ੋਰਦਾਰ ਵਿਰੋਧ ਹੋਣਾ ਲਾਜ਼ਮੀ ਸੀ। ਮਜ਼ਦੂਰ ਜਮਾਤ ਦੇ ਇਸ ਸੰਭਾਵੀ ਵਿਰੋਧ ਨੂੰ ਰੋਕਣ ਲਈ ਹੀ ਚੀਨੀ ਹਾਕਮਾਂ ਨੇ ਚੀਨੀ ਮਜ਼ਦੂਰ ਜਮਾਤ ਅਤੇ ਚੀਨੀ ਲੋਕਾਂ ਦੇ ਉਹ ਸਾਰੇ ਜਮਹੂਰੀ ਹੱਕ ਰੱਦ ਕਰ ਦਿੱਤੇ ਸਨ, ਜਿਹੜੇ ਉਹਨਾਂ ਨੂੰ ਮਾਓ ਜੇ ਤੁੰਗ ਦੇ ਸਮੇਂ ਮਿਲੇ ਹੋਏ ਸਨ ਤੇ ਜਿਨ੍ਹਾਂ ਦਾ ਉੱਪਰ ਜ਼ਿਕਰ ਕੀਤਾ ਜਾ ਚੁੱਕਾ।

ਮਾਓ ਜੇ ਤੁੰਗ ਸਨਅੱਤ ਨੂੰ ਸਾਰੇ ਦੇਸ਼ ਅੰਦਰ ਫੈਲਾ ਦੇਣਾ ਚਾਹੁੰਦਾ ਸੀ ਤਾਂਕਿ ਚੀਨ ਦੇ ਸਾਰੇ ਲੋਕ ਚੀਨ ਦੇ ਵਿਕਾਸ ਦਾ ਫਲ ਮਾਣ ਸਕਣ। ਪਰ ਤੇਂਗ ਸਿਆਓ ਪਿੰਗ ਦੀ ਨੀਤੀ ਨੇ ਇਸ ਅਮਲ ਨੂੰ ਪੁੱਠਾ ਮੋੜਾ ਦਿੱਤਾ ਹੈ। ਹੁਣ ਸਰਮਾਇਆ (ਸਨਅੱਤ) ਉਹਨਾਂ ਖੇਤਰਾਂ ਵਲ੍ਹ ਹੀ ਜਾ ਰਿਹਾ ਹੈ, ਜਿਹੜੇ ਪਹਿਲੇ ਹੀ ਕਾਫੀ ਵਿਕਸਤ ਹਨ। ਪੱਛੜੇ ਇਲਾਕਿਆਂ ਅੰਦਰ ਸਨਅੱਤ ਦੇ ਵਿਕਾਸ ਲਈ ਲੋੜੀਂਦਾ ਸਹਾਈ ਢਾਂਚਾ (Infrastructure) ਪੱਛੜਿਆ ਹੋਣ ਕਰਕੇ ਮੁਨਾਫਾ ਬਹੁਤ ਘੱਟ ਹੈ। ਇਸ ਕਰਕੇ ਸਰਮਾਇਆ ਉਧਰ ਮੂੰਹ ਨਹੀਂ ਕਰ ਰਿਹਾ। ਇਸ ਦੇ ਸਿੱਟੇ ਵਜੋਂ ਚੀਨ ਦੇ ਪੱਛੜੇ ਅਤੇ ਵਿਕਸਿਤ ਇਲਾਕਿਆਂ ਅਤੇ ਇਸ ਦੇ ਨਾਲ ਹੀ ਗਰੀਬ ਅਤੇ ਅਮੀਰ ਲੋਕਾਂ ਵਿਚ ਪਾੜਾ ਵਧਦਾ ਆ ਰਿਹਾ ਹੈ।

ਸਾਮਰਾਜੀ ਲੁੱਟ ਦੀ ਖੁੱਲ੍ਹ

ਪੈਦਾਵਾਰ ਵਧਾਉਣ ਦੇ ਨਾਂ 'ਤੇ ਡੇਂਗ ਜੁੰਡਲੀ ਨੇ ਸਾਮਰਾਜੀ ਦੇਸ਼ਾਂ ਦੇ ਸਰਮਾਏ ਲਈ ਚੀਨ ਦੇ ਦਰਵਾਜ਼ੇ ਖੋਲ੍ਹ ਦਿੱਤੇ ਹਨ। ਡੇਂਗ ਜੁੰਡਲੀ ਦੇ ਤਾਕਤ ਵਿਚ ਆਉਣ ਤੋਂ ਲੈ ਕੇ ਹੁਣ ਤੱਕ ਸਾਮਰਾਜੀ ਦੇਸ਼ ਚੀਨ ਅੰਦਰ 2500 ਕਰੋੜ ਡਾਲਰ ਦਾ ਸਰਮਾਇਆ ਲਾ ਚੁੱਕੇ ਹਨ। ਇਸ ਤੋਂ ਇਲਾਵਾ ਚੀਨੀ ਹਾਕਮਾਂ ਨੇ ਉਹਨਾਂ ਕੋਲੋਂ 4700 ਕਰੋੜ ਡਾਲਰ ਤੱਕ ਦਾ ਕਰਜ਼ਾ ਚੁੱਕ ਕੇ ਇਕ ਤਰ੍ਹਾਂ ਨਾਲ ਚੀਨ ਨੂੰ ਉਹਨਾਂ ਕੋਲ ਗਹਿਣੇ ਧਰ ਦਿੱਤਾ ਹੈ। ਸਾਮਰਾਜੀ ਸਰਮਾਏ ਨੂੰ ਚੀਨ ਦੀ ਆਰਥਿਕਤਾ 'ਤੇ ਆਪਣੀ ਜਕੜ ਮਜਬੂਤ ਕਰਨ ਅਤੇ ਚੀਨੀ ਲੋਕਾਂ ਦਾ ਖੂਨ ਚੂਸਣ ਦੀ ਇਜਾਜਤ ਦੇਣ ਦੀਆਂ ਡੇਂਗ ਜੁੰਡਲੀ ਦੀਆਂ ਇਹਨਾਂ ਨੀਤੀਆਂ ਕਰਕੇ ਹੀ ਵੱਖ-ਵੱਖ ਸਾਮਰਾਜੀ ਤਾਕਤਾਂ ਹੁਣ ਤੱਕ ਉਸ ਦੀ ਪਿੱਠ ਠੋਕਦੀਆਂ ਰਹੀਆਂ ਹਨ।

ਡੇਂਗ ਵਲੋਂ ਖੇਤੀ ਅੰਦਰ ਸਰਮਾਏਦਾਰੀ ਦੀ ਬਹਾਲੀ

ਮਾਓ ਨੇ ਸਾਂਝੀ ਖੇਤੀ ਦਾ ਸਿਸਟਮ ਸ਼ੁਰੂ ਕੀਤਾ ਸੀ ਪਰ ਡੇਂਗ ਗਰੁੱਪ ਨੇ ਸਾਂਝੇ ਫਾਰਮ ਤੋੜ ਕੇ ਜ਼ਮੀਨ ਨੂੰ ਮੁੜ ਛੋਟੇ-ਛੋਟੇ ਟੁਕੜਿਆਂ ਵਿਚ ਵੰਡ ਕੇ ਕਿਸਾਨ ਪ੍ਰੀਵਾਰਾਂ ਨੂੰ ਦੇ ਦਿੱਤੀ ਅਤੇ ਖੇਤੀ ਮੁੜ ਵਿਅੱਕਤੀਗਤ ਪ੍ਰੀਵਾਰ ਦੀ ਪੱਧਰ 'ਤੇ ਹੋਣ ਲੱਗੀ। ਕਿਸਾਨ ਪ੍ਰੀਵਾਰਾਂ ਨੂੰ ਮਸ਼ੀਨਰੀ ਖਰੀਦਣ, ਆਪਣੀ ਫਸਲਾਂ ਨੂੰ ਦੂਸਰਿਆਂ ਖੇਤਰਾਂ ਅੰਦਰ ਵੇਚਣ ਤੋਂ ਇਲਾਵਾ ਮਜ਼ਦੂਰਾਂ ਨੂੰ ਰੱਖਣ ਦੀ ਵੀ ਖੁੱਲ੍ਹ ਦੇ ਦਿੱਤੀ ਗਈ। ਇਥੋਂ ਤੱਕ ਕਿ ਅਮੀਰ ਕਿਸਾਨਾਂ ਨੂੰ ਦੂਸਰੇ ਕਿਸਾਨਾਂ ਦੀ ਜ਼ਮੀਨ ਠੇਕੇ ਲੈਣ ਦਾ ਹੱਕ ਵੀ ਦੇ ਦਿੱਤਾ। ਜਦੋਂ ਸਾਂਝੇ ਫਾਰਮ ਤੋੜੇ ਗਏ ਤਾਂ ਜਿਹਨਾਂ ਕਿਸਾਨਾਂ ਦੀ ਸਰਕਾਰ ਜਾਂ ਪਾਰਟੀ ਵਿਚ ਪ੍ਰਗਤ ਸੀ, ਉਹਨਾਂ ਨੇ ਆਪਣਾ ਪ੍ਰਭਾਵ ਵਰਤ ਕੇ ਟਰੈਕਟਰ, ਟਰੱਕ, ਪੰਪ, ਮੋਟਰਾਂ ਅਤੇ ਹੋਰ ਮਸ਼ੀਨਰੀ ਬਹੁਤ ਹੀ ਸਸਤੇ ਭਾਅ ਖਰੀਦ ਲਈ ਰਈਆਂ ਨੇ ਤਾਂ ਇਹਨਾਂ ਦੀ ਕੀਮਤ ਵੀ ਪੱਲਿਓਂ ਨਹੀਂ ਤਾਰੀ। ਸਰਕਾਰ ਕੋਲੋਂ ਹੀ ਕਰਜ਼ੇ ਲੈ ਕੇ ਇਹਨਾਂ ਦਾ ਮੁੱਲ ਚੁਕਾ ਦਿੱਤਾ। ਸਿੱਟਾ ਇਹ ਨਿਕਲਿਆ ਹੈ ਕਿ ਚੀਨ ਦੀ ਖੇਤੀ ਵੀ ਸਰਮਾਏਦਾਰ ਲੀਹਾਂ 'ਤੇ ਪੈ ਗਈ ਹੈ। ਖੇਤੀ ਅੰਦਰ ਅਮੀਰ ਤੇ ਗਰੀਬ ਵਿਚਲਾ ਪਾੜਾ ਕਾਫੀ ਵੱਧ ਗਿਆ ਹੈ।

ਜਿਹਨਾਂ ਲੋਕਾਂ ਦੇ ਫਾਰਮਾਂ ਦਾ ਅਕਾਰ ਛੋਟਾ ਹੈ, ਉਹ ਆਪਣੇ ਫਾਰਮ ਹੋਰਨਾਂ ਨੂੰ ਠੇਕੇ 'ਤੇ ਦੇ ਕੇ ਸ਼ਹਿਰਾਂ ਨੂੰ ਆ ਰਹੇ ਹਨ। ਇਸ ਤਰ੍ਹਾਂ ਸਾਂਝੇ ਫਾਰਮਾਂ ਅੰਦਰਲੀਆਂ ਸਾਂਝੀਆ ਸਮਾਜਿਕ ਸੇਵਾਵਾਂ ਦੇ ਖਤਮ ਹੋਣ ਨਾਲ ਵੀ ਬਹੁਤ ਸਾਰੇ ਲੋਕਾਂ ਨੂੰ ਸ਼ਹਿਰਾਂ ਵੱਲ ਕੂਚ ਕਰਨ ਲਈ ਮਜਬੂਰ ਹੋਣਾ ਪਿਆ। 1988 ਤੱਕ 5 ਕਰੋੜ ਕਿਸਾਨ ਸ਼ਹਿਰਾਂ ਵੱਲ ਚਾਲੇ ਪਾ ਚੁੱਕੇ ਹਨ। ਉਹਨਾਂ ਵਿਚੋਂ ਬਹੁਤਿਆਂ ਨੂੰ ਸ਼ਹਿਰਾਂ ਅੰਦਰ ਨਾ ਤਾਂ ਨੌਕਰੀਆਂ ਮਿਲ ਰਹੀਆਂ ਹਨ ਅਤੇ ਨਾ ਹੀ ਸਿਰ ਲੁਕੋਣ ਲਈ ਥਾਂ। ਕਈ ਰੇਲਵੇ ਸਟੇਸ਼ਨਾਂ, ਪਾਰਕਾਂ ਜਾਂ ਛੋਟੀਆਂ-ਮੋਟੀਆਂ ਝੌਂਪੜੀਆਂ ਬਣਾ ਕੇ ਉਹਨਾਂ ਵਿਚ ਰਹਿ ਰਹੇ ਹਨ।

ਮਾਓ ਦੇ ਸਮੇਂ ਚੀਨ ਵਿਚ ਮਜ਼ਦੂਰਾਂ ਨੂੰ ਨੌਕਰੀ ਦੀ ਪੂਰੀ ਗਰੰਟੀ ਹੁੰਦੀ ਸੀ ਪਰ ਡੇਂਗ ਦੇ ਸਮੇਂ ਇਹ ਵੀ ਨਹੀਂ ਰਹੀ। ਫੈਕਟਰੀਆਂ ਦੇ ਮੈਨੇਜਰਾਂ ਨੂੰ ਮਜ਼ਦੂਰਾਂ ਨੂੰ ਫੈਕਟਰੀਆਂ ਵਿਚੋਂ ਕੱਢਣ ਦੀ ਖੁੱਲ੍ਹ ਦੇ ਦਿੱਤੀ ਗਈ ਹੈ। ਮਿਸਾਲ ਵਜੋਂ ਸਨਅੱਤੀ ਸ਼ਹਿਰ ਸ਼ੇਨਯਾਂਗ ਵਿਚ 1988 ਵਿਚ 63000

ਮਜ਼ਦੂਰਾਂ ਨੂੰ ਕੰਮ ਤੋਂ ਕੱਢ ਦਿੱਤਾ ਗਿਆ। ਉਹਨਾਂ ਵਿਚੋਂ ਸਿਰਫ 16000 ਹੀ ਨਵੀਆਂ ਨੌਕਰੀਆਂ ਲੱਭ ਸਕੇ।

ਡੇਂਗ ਦੀਆਂ ਨੀਤੀਆਂ ਦਾ ਇਕ ਸਿੱਟਾ ਇਹ ਨਿਕਲਿਆ ਹੈ ਕਿ ਚੀਨ ਅੰਦਰ ਅਫਸਰਸ਼ਾਹੀ ਹਰ ਪੱਧਰ 'ਤੇ ਬਹੁਤ ਮਜ਼ਬੂਤ ਹੋਈ। ਸਿਰਫ ਸੱਚੇ (ਨਾ ਕਿ ਰਸਮੀ—ਜਿਵੇਂ ਕਿ ਭਾਰਤ ਅਤੇ ਪੱਛਮੀ ਦੇਸ਼ਾਂ ਅੰਦਰ ਹੈ) ਮਾਹਨਿਆਂ ਵਿਚ ਜਮਹੂਰੀ ਹੱਕ ਅਤੇ ਲੋਕਾਂ ਦੀ ਸਿਆਸੀ ਚੇਤਨਤਾ ਹੀ ਇਸ ਜਮਾਤ 'ਤੇ ਚੈਂਕ ਬਣ ਸਕਦੀ ਹੁੰਦੀ ਹੈ ਪਰ ਜਿਉਂ ਹੀ ਚੀਨੀ ਲੋਕਾਂ ਦੇ ਜਮਹੂਰੀ ਹੱਕ ਖੋਹੇ ਗਏ. ਮਾਓ ਦੇ ਇਸ ਨਾਹਰੇ, "ਪਿਛਾਂਹ ਖਿਚੂਆਂ ਦੇ ਖ਼ਿਲਾਫ ਬਗਾਵਤ ਕਰਨਾ ਹੱਕ ਹੈ" ਨੂੰ ਛੱਡ ਦਿੱਤਾ ਗਿਆ ਤਾਂ ਅਫਸਰਸ਼ਾਹੀ ਨੇ ਲੋਕਾਂ ਦੇ ਵਿਰੋਧ ਦੀ ਸੰਭਾਵਨਾ ਨੂੰ ਖਤਮ ਹੁੰਦਿਆਂ ਦੇਖਕੇ ਮਨ ਆਈਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਸਿੱਟਾ ਇਹ ਨਿਕਲਿਆ ਕਿ ਚੀਨ ਦੀ ਅਫਸਰਸ਼ਾਹੀ ਦੇ ਹਰ ਪੱਧਰ 'ਤੇ ਭਰਿਸ਼ਟਾਚਾਰ ਫੈਲ ਗਿਆ ਹੈ। ਪਾਰਟੀ ਅਤੇ ਸਰਕਾਰ ਦੇ ਉੱਚ-ਅਧਿਕਾਰੀ ਆਪਣੀਆਂ ਸਿਆਸੀ ਅਤੇ ਸਰਕਾਰੀ ਪੁਜ਼ੀਸ਼ਨਾਂ ਨੂੰ ਵਰਤਕੇ ਗੈਰ-ਕਾਨੂੰਨੀ ਢੰਗ ਨਾਲ ਪੈਸੇ ਕਮਾ ਕੇ ਵੇਖਦਿਆਂ-ਵੇਖਦਿਆਂ ਲੱਖਾਂਪਤੀ ਬਣ ਗਏ।

ਡੇਂਗ ਗੁੱਟ ਵਲੋਂ ਪਿਛਲੇ 10-12 ਸਾਲਾਂ ਦੌਰਾਨ ਅਪਣਾਈਆਂ ਗਈਆਂ ਨੀਤੀਆਂ ਅਤੇ ਇਹਨਾਂ ਨੀਤੀਆਂ ਦੇ ਲਾਜ਼ਮੀ ਸਿੱਟੇ ਵਜੋਂ ਵਾਪਰਿਆ 4 ਜੂਨ ਦਾ ਘੱਲੂਘਾਰਾ ਸਪੱਸ਼ਟ ਰੂਪ ਵਿਚ ਦਰਸਾਉਂਦਾ ਹੈ ਕਿ ਜੇ ਚੀਨ ਨੇ ਬਚਣਾ ਹੈ ਤਾਂ ਚੀਨੀ ਲੋਕਾਂ ਨੂੰ ਮੁੜ ਮਾਓ ਜ਼ੇ-ਤੁੰਗ ਵਾਲਾ ਰਾਹ ਅਪਨਾਉਣਾ ਪਵੇਗਾ।

ਮਾਓ ਦਾ ਰਾਹ ਹੀ ਚੀਨ ਨੂੰ ਬਚਾ ਸਕਦਾ ਹੈ

ਚੀਨ ਦੇ ਮੌਜੂਦਾ ਮਾਓ ਵਿਰੋਧੀ ਹਾਕਮਾਂ ਦਾ ਤਖ਼ਤਾ ਉਲਟਾਉਣ ਤੋਂ ਬਿਨਾ ਮਾਓ ਦੇ ਰਾਹ ਨੂੰ ਅਪਨਾਉਣਾ ਸੰਭਵ ਨਹੀਂ। ਜੇ ਚੀਨ ਅੰਦਰਲੇ ਸੱਚੇ ਮਾਓਵਾਦੀਏ (ਭਾਵੇਂ ਉਹਨਾਂ ਦੀ ਗਿਣਤੀ ਕਿਨੀ ਵੀ ਘੱਟ ਕਿਉਂ ਨਾ ਹੋਵੇ) ਮੌਜੂਦਾ ਚੀਨੀ ਬਗਾਵਤ ਵਲੋਂ ਉਭਾਰੇ ਸਵਾਲਾਂ ਖਾਸ ਕਰਕੇ ਸਮਾਜਵਾਦ ਦੀ ਉਸਾਰੀ ਅਤੇ ਜਮਹੂਰੀਅਤ ਦੇ ਆਪਸੀ ਸਬੰਧਾਂ ਦੇ ਸਵਾਲ ਦੇ ਪ੍ਰਸੰਗ ਅੰਦਰ ਚੀਨ ਅੰਦਰ ਇਨਕਲਾਬੀ ਦੌਰ ਸਮੇਂ ਹੋਈ ਸਮਾਜਵਾਦੀ ਉਸਾਰੀ. ਖਾਸ ਕਰਕੇ ਮਹਾਨ ਸੱਭਿਆਚਾਰ ਇਨਕਲਾਬ ਦੇ ਸਬਕਾਂ ਦਾ ਨਿਚੋੜ ਕੱਢਦਿਆਂ ਹੋਇਆਂ ਉਸ ਸਮੇਂ ਦੇ ਹਾਂ-ਪੱਖੀ ਸਬਕਾਂ ਦੇ ਨਾਲ-ਨਾਲ ਰਹੀਆਂ ਘਾਟਾਂ ਤੇ ਕਮਜ਼ੋਰੀਆਂ (ਅਮਲ ਅਤੇ ਸਿਧਾਂਤਿਕ ਪੱਖੋਂ ਵੀ) ਨੂੰ ਟਿੱਕਦਿਆਂ ਅਤੇ ਉਹਨਾਂ ਬਾਰੇ ਦਰੁੱਸਤ ਇਨਕਲਾਬੀ ਸਮਝ ਨੂੰ ਬੁਲੰਦ ਕਰਦੇ ਹਨ ਤਾਂ ਉਹ ਜ਼ਰੂਰ ਹੀ ਚੀਨ ਅੰਦਰ ਇਕ ਪ੍ਰਭਾਵਸ਼ਾਲੀ ਹਿੱਸੇ ਨੂੰ ਮੁੜ ਸੱਚੇ ਸਮਾਜਵਾਦ ਦੇ ਹੱਕ ਵਿਚ ਜਿੱਤਣ ਅਤੇ ਮੁੜ ਜਿੱਤ ਵੱਲ ਵਧਣ ਲਈ ਭੋਂ ਤਿਆਰ ਕਰ ਲੈਣਗੇ। ਮਹਾਨ ਸੱਭਿਆਚਾਰਕ ਇਨਕਲਾਬ ਸਮਾਜਵਾਦੀ ਉਸਾਰੀ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵੱਲ ਪਹਿਲਾ ਕਦਮ ਸੀ. ਆਖਰੀ ਨਹੀਂ। ਪਹਿਲੇ ਕਦਮ ਵਿਚ ਅਕਸਰ ਹੀ ਘਾਟਾ ਕਮਜ਼ੋਰੀਆਂ ਰਹਿ ਜਾਂਦੀਆਂ ਹੁੰਦੀਆਂ ਹਨ ਅਤੇ ਗਲਤੀਆਂ ਦਾ ਹੋਣਾ ਵੀ ਕੁਦਰਤੀ ਹੁੰਦਾ ਹੈ। ✠

10ਵੀਂ ਬਰਸੀ 'ਤੇ

ਸ਼ਹੀਦ ਪ੍ਰਿਥੀਪਾਲ ਰੰਧਾਵਾ ਨੂੰ ਸੰਗਰਾਮੀ ਸ਼ਰਧਾਂਜਲੀ ਭੇਂਟ ਕਰੋ

ਪੰਜਾਬੀ ਵਿਦਿਆਰਥੀਓ.

ਇਨਕਲਾਬੀ ਹਲਕਿਆਂ 'ਚ "ਪ੍ਰਿਥੀ" ਦੇ ਨਾਂ ਨਾਲ ਯਾਦ ਕੀਤਾ ਜਾਂਦਾ ਸਾਡਾ ਸਾਬਕਾ ਆਗੂ ਪ੍ਰਿਥੀਪਾਲ ਸਿੰਘ 'ਰੰਧਾਵਾ' ਆਪਣੇ ਸਮੇਂ 'ਚ ਜਬਰ ਅਤੇ ਧੱਕੇ ਖਿਲਾਫ ਆਵਾਜ ਉਠਾਉਂਦਾ ਹੋਇਆ 18 ਜੁਲਾਈ 1979 ਨੂੰ ਸ਼ਹਾਦਤ ਦਾ ਜਾਮ ਪੀ ਗਿਆ ਸੀ। ਚਾਹੇ 72 ਦਾ ਮੋਗਾ ਗੋਲੀ ਕਾਂਡ ਹੋਵੇ. ਐਮਰਜੈਂਸੀ ਵਿਰੋਧੀ ਘੋਲ ਹੋਵੇ, ਨਕਸਲੀ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲਿਆਂ ਦੀ ਗੱਲ ਹੋਵੇ ਜਾਂ ਸਿਆਸੀ ਨਜ਼ਰਬੰਦਾਂ ਦੀ ਰਿਹਾਈ ਦੀ ਗੱਲ ਹੋਵੇ, ਚਾਹੇ ਅੰਤਰ ਰਾਸ਼ਟਰੀ ਪੱਧਰ 'ਤੇ ਚੱਲ ਰਹੇ ਇਨਕਲਾਬੀ ਲੋਕਾਂ ਦੀ ਹਮਾਇਤ ਦਾ ਮਸਲਾ ਹੋਵੇ, ਗੱਲ ਕੀ ਹਰ ਮਸਲੇ 'ਤੇ ਪੀ.ਐਸ.ਯੂ. ਪ੍ਰਿਥੀ ਦੀ ਅਗਵਾਈ 'ਚ ਬੇ ਖੌਫ ਆਵਾਜ਼ ਬੁਲੰਦ ਕਰਦੀ ਰਹੀ।

ਅੱਜ ਜਦੋਂ ਅਸੀਂ ਸੱਤਰਵਿਆਂ ਦੇ ਦਹਾਕੇ 'ਚ ਪੀ.ਐਸ.ਯੂ. ਦੇ ਜਨਰਲ ਸਕੱਤਰ ਰਹੇ ਸ਼ਹੀਦ ਪ੍ਰਿਥੀਪਾਲ ਸਿੰਘ 'ਰੰਧਾਵਾ' ਦੀ 10ਵੀਂ ਬਰਸੀ 'ਤੇ ਸ਼ਹੀਦ ਨੂੰ ਸ਼ਰਧਾਂਜਲੀ ਭੇਂਟ ਕਰ ਰਹੇ ਹਾਂ ਤਾਂ ਉਸ ਸਮੇਂ ਤੋਂ ਵੀ ਵੱਧ ਪੰਜਾਬ ਦੀ ਧਰਤੀ 'ਤੇ ਰੇਅ-ਰੀਬੇਰੋ 'ਤੇ ਗਿੱਲ ਜੁੰਡਲੀ ਦੀ ਅਗਵਾਈ 'ਚ ਪੰਜਾਬੀ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲਿਆਂ ਰਾਹੀਂ ਕਤਲੇਆਮ ਕੀਤਾ ਜਾ ਰਿਹਾ ਹੈ। ਪੰਜਾਬੀ ਔਰਤਾਂ ਦੀ ਪੱਤ ਥਾਣਿਆਂ 'ਚ ਲੁੱਟੀ ਜਾ ਰਹੀ ਹੈ, ਬਜ਼ੁਰਗ ਮਾਪਿਆਂ ਦੀਆਂ ਪੱਗਾਂ ਨੂੰ ਸੱਥਾਂ 'ਚ ਰੋਲਿਆ ਜਾ ਰਿਹਾ ਹੈ। ਥੋਕ ਰੂਪ 'ਚ ਲੋਕਾਂ ਨੂੰ ਜੇਲ੍ਹਾਂ 'ਚ ਸੁਟਿਆ ਜਾ ਰਿਹਾ ਹੈ ਤਾਂ ਕਿ ਪੰਜਾਬੀ ਲੋਕਾਂ (ਖਾਸ ਕਰਕੇ ਸਿੱਖ ਨੌਜਵਾਨਾਂ) ਦੀ ਦਿੱਲੀ ਖਿਲਾਫ ਬਗਾਵਤ ਨੂੰ ਖੂਨ 'ਚ ਡਬੋਇਆ ਜਾ ਸਕੇ।

ਤਾਂ ਫਿਰ ਅਜਿਹੀ ਹਾਲਤ 'ਚ ਸ਼ਹੀਦ ਨੂੰ ਸੱਚੀ ਸ਼ਰਧਾਂਜਲੀ ਕੀ ਹੋ ਸਕਦੀ ਹੈ? ਮੌਜੂਦਾ ਹਾਲਤ 'ਚ ਪੰਜਾਬੀ ਲੋਕਾਂ 'ਤੇ ਹੋ ਰਹੇ ਜਬਰ ਖਿਲਾਫ ਚੁੱਪ ਵੱਟ ਕੇ ਸ਼ਹੀਦ ਦੀ ਯਾਦ 'ਚ ਦੋ ਮਿੰਟ ਦਾ ਮੋਨ ਧਾਰ ਲੈਣਾ ਜਾਂ ਕੋਈ ਸਮਾਗਮ ਕਰ ਲੈਣ ਨਾਲ ਹੀ ਕੋਈ ਵਿਅਕਤੀ ਜਾਂ ਜਥੇਬੰਦੀ ਸ਼ਹੀਦ ਰੰਧਾਵਾ ਨੂੰ ਅਸਲੀ ਮਾਹਣਿਆਂ 'ਚ ਸ਼ਰਧਾਂਜਲੀ ਭੇਂਟ ਨਹੀਂ ਕਰ ਸਕਦੀ।

ਸੋ ਆਓ, ਸ਼ਹੀਦ ਨੂੰ ਸ਼ਰਧਾਂਜਲੀ ਭੇਂਟ ਕਰਦੇ ਹੋਏ ਦਿੱਲੀ ਦੀ ਸਰਕਾਰ ਵਲੋਂ ਪੰਜਾਬੀ ਲੋਕਾਂ 'ਤੇ ਝੁਲਾਈ ਜਾ ਰਹੀ ਜ਼ੁਲਮ ਦੀ ਹਨੇਰੀ ਖਿਲਾਫ ਪੂਰੇ ਜੋਸ਼ ਖਰੋਸ਼ ਨਾਲ ਆਵਾਜ਼ ਬੁਲੰਦ ਕਰਨ ਦਾ ਪ੍ਰਣ ਦੁਹਰਾਈਏ।

ਸੂਬਾ ਐਗਜੈਕਟਿਵ ਕਮੇਟੀ, ਪੰਜਾਬ ਸਟੂਡੈਂਟਸ ਯੂਨੀਅਨ (ਏ.ਆਈ.ਆਰ.ਐ.ਸਐਫ.)

ਪੰਚਾਇਤੀ ਰਾਜ ਨੂੰ ਮਜ਼ਬੂਤ ਕਰਨ ਦੇ ਸ਼ੋਰ ਹੇਠ

ਕੇਂਦਰੀ ਹਕੂਮਤ ਦਾ ਸ਼ਿਕੰਜਾ ਹੋਰ ਕੱਸਿਆ ਜਾਣ ਲਗਾ

ਕੇਂਦਰੀ ਹਾਕਮਾਂ ਨੇ ''ਪੰਚਾਇਤ ਰਾਜ ਨੂੰ ਮਜਬੂਤ ਕਰਨ'' ਦੀ ਹੇਕ ਉੱਚੀ ਚੁੱਕੀ ਹੋਈ ਹੈ। ਰੇਡੀਓ, ਟੈਲੀਵੀਯਨ ਅਤੇ ਹੋਰ ਸਰਕਾਰੀ ਧੁਤੂ ਜਦੋਂ ਸੁੱਤੇ ਪਏ ਵੀ ਬੁਰੜਾਉਂਦੇ ਹਨ ਤਾਂ ''ਲੋਕਾਂ ਦੇ ਹੱਥ ਤਾਕਤ'' ਦੇਣ ਦਾ ਘਰਾਟ ਰਾਗ ਅਲਾਪਦੇ ਹਨ। ਸਵਾਲ ਪੈਦਾ ਹੁੰਦਾ ਹੈ ਕਿ ਉਹੀ ਸਾਰਾ ਲਾਣਾ, ਜਿਹੜਾ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਮੰਗ 'ਤੇ ਕੇਂਦਰ ਨੂੰ ਕਮਜ਼ੋਰ ਕਰਨ ਤੇ ਏਕਤਾ ਅਖੰਡਤਾ ਨੂੰ ਦਾਅ 'ਤੇ ਲਾਉਣ ਦੇ ਦੋਸ਼ ਥੱਪਦਾ ਨਹੀਂ ਥੱਕਦਾ, ਅੱਜ ''ਲੋਕਾਂ ਦੇ ਹੱਥ ਤਾਕਤ'' ਦੇਣ ਦੇ ਲਲਕਰੇ ਕਿਉਂ ਮਾਰਨ ਲੱਗ ਪਿਆ ਹੈ? ਕਿਉਂ ਮਸ਼ੀਨੀ ਫੁਰਤੀ ਨਾਲ ਸਾਰੇ ਪਰਚਾਰ ਸਾਧਨ ਇਸ ਦਾ ਗੁਣਗਾਣ ਕਰਨ ਲੱਗ ਪਏ ਹਨ?

ਓਪਰੀ ਤੌਰ 'ਤੇ ਦੇਖਿਆ ਇਉਂ ਲਗ ਸਕਦਾ ਹੈ ਕਿ, ''ਗਰੀਬੀ ਹਟਾਓ'', ''ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਖਤਰਾ'', ਦੇ ਨਾਹਰਿਆਂ ਵਾਂਗ ਇਹ ਨਾਹਰਾ ਵੀ ਰਾਜੀਵ ਗਾਂਧੀ ਦਾ ਚੋਣ ਸਟੰਟ ਹੈ। ਪਰ ਇਹ ਅਧੂਰਾ ਸੱਚ ਹੈ। ਇਹ ਠੀਕ ਹੈ ਕਿ ਕੁਰਪਸ਼ਨ, ਮਹਿੰਗਾਈ ਅਤੇ ਦੇਸ਼ ਦੀਆਂ ਸਮਸਿਆਵਾਂ ਨੂੰ ਹੱਲ ਕਰਨ 'ਚ ਅਸਫਲ ਰਹਿਣ ਕਰਕੇ ਦਿਨੋ ਦਿਨ ਲਗਾਤਾਰ ਆਪਣੀ ਡਿੱਗ ਰਹੀ ਸਾਖ ਅਤੇ ਪਿਛਲੀਆਂ ਲੋਕ ਸਭਾ ਚੋਣਾਂ ਤੋਂ ਬਾਦ ਹੋਈਆਂ ਅਸੰਬਲੀ ਚੋਣਾਂ (ਜਿਵੇਂ ਕਿ ਹਰਿਆਣਾ, ਬੰਗਾਲ, ਤਾਮਿਲਨਾਡੂ ਆਦਿ, 'ਚ ਮਿਲੀ ਕਰਾਰੀ ਪਛਾੜ ਦਾ ਬੌਖਲਾਇਆ ਰਾਜੀਵ ਗਾਂਧੀ ਅਗਲੀਆਂ ਲੋਕ ਸਭਾ ਦੀਆਂ ਚੋਣਾ ਜਿੱਤਣ ਲਈ ਕਿਸੇ ਨਾਹਰੇ ਦੀ ਭਾਲ 'ਚ ਇੱਧਰ ਉੱਧਰ ਹੱਥ ਪੈਰ ਪਾਰ ਰਿਹਾ ਹੈ। ਚੋਣਾਂ ਜਿੱਤਣ ਦੀ ਬੌਖਲਾਹਟ 'ਚ ਉਹ ਇਕ ਵਾਰ ਫਿਰ 1984 ਵਾਂਗ ਸਮੁੱਚੇ ਸਿੱਖ ਭਾਈਚਾਰੇ ਨੂੰ ਚੋਣਾਂ ਦੇ ਦਾਅ 'ਤੇ ਲਾਉ ਤੋਂ ਵੀ ਗੁਰੇਜ਼ ਨਹੀਂ ਕਰ ਰਿਹਾ। ਕਦੇ ਉਹ ਉਸੇ ਅਨੰਦਪੁਰ ਦੇ ਮਤੇ ਨੂੰ ਜਿਸਨੂੰ ਉਸਨੇ ਖ਼ੁਦ ਸਰਕਾਰੀਆਂ ਕਮਿਸ਼ਨ ਕੋਲ ਪੇਸ਼ ਕੀਤਾ ਸੀ, ਵੱਖਵਾਦੀ ਗਰਦਾਨਦਾ ਹੈ ਅਤੇ ਕਦੇ ਸਾਰੀ ਵਿਰੋਧੀ ਧਿਰ ਨੂੰ ਖਾਲਿਸਤਾਨ ਦਾ ਹਿਮਾਇਤੀ ਦੱਸ ਕੇ ਖ਼ੁਦ ਭੜਕਾਏ ਹੋਏ ਹਿੰਦੂ ਜਨੂੰਨ ਨੂੰ ਵੋਟਾਂ 'ਚ ਢਾਲਣ ਲਈ ਅਹੁਲ ਰਿਹਾ ਹੈ। ਨਹਿਰੂ ਰੋਜ਼ਗਾਰ ਯੋਜਨਾ ਵੀ ਉਸਦੇ ਇਸੇ ਚੋਣ ਸਟੰਟ ਦਾ ਹੀ ਹਿੱਸਾ ਹੈ। ਪਰ ਪੰਚਾਇਤੀ ਰਾਜ ਨੂੰ ਮਜਬੂਤ ਕਰਨ ਤੇ ਲੋਕਾਂ ਦੇ ਹੱਥ ਤਾਕਤ ਦੇਣ ਦੇ ਸ਼ੋਰ ਪਿਛੇ ਉਸਦਾ ਮਕਸਦ ਇਸ ਨੂੰ ਚੋਣ ਨਾਹਰੇ ਦੇ ਤੌਰ 'ਤੇ ਵਰਤਣ ਤੋਂ ਬਿਨਾਂ ਹੋਰ ਵੀ ਡੂੰਘਾ ਹੈ।

ਸੂਬਿਆਂ ਦੀ ਹੋਂਦ ਨੂੰ ਖ਼ਤਮ ਕਰਨ ਦੀ ਸਾਜ਼ਸ਼

ਮੁਲਕ ਭਰ 'ਚ ਰਹਿ ਰਹੀਆਂ ਅੱਡ-ਅੱਡ ਕੌਮਾਂ ਦੇ ਲੋਕਾਂ ਦੇ ਮਨਾਂ 'ਚ ਆਪਣੀ ਕੌਮੀ ਹੋਂਦ ਦੀਆਂ ਪਰਬਲ ਹੋ ਰਹੀਆਂ ਭਾਵਨਾਵਾਂ ਨੇ ਕੇਂਦਰੀ ਹਾਕਮਾਂ ਦੀ ਨੀਂਦ ਹਰਾਮ ਕਰ ਰੱਖੀ ਹੈ। ਕਿਉਂਕਿ ਭਾਰਤ ਅੰਦਰ ਬਹੁਤੇ ਸੂਬੇ ਬੋਲੀ ਦੇ ਅਧਾਰ 'ਤੇ ਬਣੇ ਹੋਏ ਹਨ' ਉਨ੍ਹਾਂ ਦੀ ਸਮਾਜੀ-ਸਿਆਸੀ ਗਤੀਸ਼ੀਲਤਾ ਇਕ ਕੌਮੀ ਇਕਾਈ ਦੇ ਤੌਰ 'ਤੇ ਕੌਮੀ ਮਸਲਿਆਂ, ਸਮੱਸਿਆਵਾਂ ਤੇ ਭਾਵਨਾਵਾਂ-ਰੀਝਾਂ ਦੇ ਰੂਪ 'ਚ ਉਧੜ ਰਹੀ ਹੈ ਤੇ ਉਹ ਅਡੋ ਅੱਡ ਕੌਮਾਂ ਦੇ ਲਈ ਰਾਜਸੱਤਾ ਦੇ ਕੇਂਦਰ ਬਿੰਦੂ ਵਜੋਂ ਉਭਰ ਕੇ ਸਾਹਮਣੇ ਆ ਰਹੇ ਹਨ। ਇਸ ਇਕਾਈ ਦੇ ਅਧਾਰ 'ਤੇ ਹੀ ਲੋਕਾਂ ਵਲੋਂ ਆਪਣੀ ਹੋਣੀ ਵਿਗਾੜਨ ਅਤੇ ਸੰਵਾਰਨ ਦੇ ਰੂਪ 'ਚ ਦੇਖਣ ਦੀ ਸੋਚ ਆਏ ਦਿਨ ਪਰਫੁੱਲਤ ਹੁੰਦੀ ਜਾ ਰਹੀ ਹੈ। ਭਾਂਵੇ ਕੇਂਦਰ ਨੇ ਪਹਿਲਾ ਹੀ ਇਨ੍ਹਾ ਸੂਬਾਈ ਇਕਾਈਆਂ ਨੂੰ ਮਿਉਂਸਪਲ ਕਮੇਟੀਆਂ ਤੱਕ ਸੁੰਗੇੜ ਦਿੱਤਾ ਹੈ ਪਰ ਫਿਰ ਵੀ ਦਿੱਲੀ ਦੇ ਹਾਕਮ ਇਸ ਪ੍ਰਬੰਧਕੀ ਇਕਾਈ ਵਜੋਂ ਵਿਚਰ ਰਹੀ ਬਾਹਰਮੁਖੀ ਹਕੀਕਤ ਨੂੰ ਲੋਕਾਂ ਦੇ ਸੋਚਣ ਦੇ ਕੇਂਦਰ ਬਿੰਦੂ ਵਜੋਂ ਮਲੀਆ ਮੇਟ ਕਰਨ ਲਈ ਉਤਾਵਲੇ ਹਨ। ਦਿਨ ਰਾਤ ਉਹ ਇਹੀ ਸੋਚਦੇ ਰਹਿੰਦੇ ਹਨ ਕਿ ਭਾਸ਼ਾਈ ਸੂਬਿਆਂ ਦੇ ਤੌਰ'ਤੇ ਹੋਂਦ 'ਚ ਆਈਆਂ ਇਨ੍ਹਾਂ ਅੱਡੋ ਅੱਡ ਕੌਮੀ ਇਕਾਈਆਂ ਦੀ ਹੋਂਦ ਨੂੰ ਖਤਮ ਕੀਤਾ ਜਾਵੇ। 'ਬੋਲੀ ਦੇ ਅਧਾਰ 'ਤੇ ਸੂਬੇ ਬਨਾਉਣਾ ਇਕ ਭਿਅੰਕਰ ਗਲਤੀ ਸੀ' ਕਹਿ ਕੇ ਰਾਜੀਵ ਗਾਂਧੀ ਨੇ ਪਹਿਲਾ ਵੀ ਕਈ ਵਾਰ ਆਪਣੀ ਇਸ ਸੋਚ ਨੂੰ ਪਰਗਟ ਕੀਤਾ ਹੈ। ਹਾਕਮ ਜਮਾਤਾਂ ਦੀ ਇਕ ਧਿਰ ਬੜੇ ਚਿਰ ਤੋਂ ਇਹ ਪੈਂਤੜਾ ਸਾਹਮਣੇ ਲੈ ਕੇ ਆ ਰਹੀ ਹੈ ਕਿ ਇਨ੍ਹਾਂ ਭਾਸ਼ਾਈ ਰਾਜਾਂ ਨੂੰ ਤੋੜ ਕੇ ਇਨ੍ਹਾਂ ਦੀ ਥਾਂ ਇਹੋ ਜਿਹਾ ਕੇਂਦਰੀ ਢਾਂਚਾ ਉਸਾਰਿਆ ਜਾਵੇ ਜਿਸ ਵਿਚ ਸੂਬੇ ਦੀ ਥਾਂ ਪ੍ਰਬੰਧਕੀ ਜ਼ਿਲ੍ਹਾ ਇਕ ਇਕਾਈ ਹੋਵੇ।

ਹਾਕਮ ਜਮਾਤਾਂ ਦੀ ਵਿਉਂਤਬੰਦੀ

ਰਾਜੀਵ ਹਕੂਮਤ ਆਪਣੀ ਇਸ ਵਿਉਂਤਬੰਦੀ ਨੂੰ ਤਿੰਨ ਪੜਾਵੀ ਪ੍ਰਣਾਲੀ ਦਾ ਨਾਂ ਦੇਂਦੀ ਹੈ, ਇਸ ਅਨੁਸਾਰ ਪਿੰਡ ਪੱਧਰ ਤੇ ਪੰਚਾਇਤਾਂ, ਬਲਾਕ ਪੱਧਰ 'ਤੇ ਬਲਾਕ

ਸੰਮਤੀਆਂ ਅਤੇ ਜ਼ਿਲ੍ਹਾ ਪੱਧਰ 'ਤੇ ਮਿਊਨਸਪਲ ਕਮੇਟੀਆਂ ਨੂੰ ਮਜ਼ਬੂਤ ਕਰਕੇ ਇਨ੍ਹਾਂ ਨੂੰ ਜ਼ਿਲੇ ਦੇ ਆਈ.ਏ.ਐਸ. ਅਧਿਕਾਰੀ ਦੀ ਨਿਗਰਾਨੀ ਹੇਠ ਰਖਿਆ ਜਾਵੇਗਾ। ਆਈ.ਏ.ਐਸ. ਅਧਿਕਾਰੀ ਸਿੱਧਾ ਕੇਂਦਰ ਨੂੰ ਜੁਆਬਦੇਹ ਹੋਵੇਗਾ। ਪੰਚਾਇਤਾਂ ਦਾ ਹਿਸਾਬ ਕਿਤਾਬ ਵੀ ਜਨਰਲ ਆਡਿਟ ਕਮਿਸ਼ਨ ਦੇ ਅਧੀਨ ਹੋਵੇਗਾ। ਮਿਊਨਸਪਲ ਕਮੇਟੀਆਂ ਨੂੰ ਫੰਡ ਸਿੱਧਾ ਕੇਂਦਰ ਮੁਹੱਈਆ ਕਰੇਗਾ। ਇਸ ਤਰ੍ਹਾਂ ਸੂਬੇ ਦੀ ਥਾਂ ਜ਼ਿਲੇ ਨੂੰ ਇਕ ਪ੍ਰਬੰਧਕੀ ਇਕਾਈ ਵਜੋਂ ਉਭਾਰਨ ਅਤੇ ਪਕੇ ਪੈਰੀਂ ਕਰਨਾ ਇਸ ਵਿਉਂਤਬੰਦੀ ਦਾ ਅਸਲੀ ਸਾਰ ਤੱਤ ਹੈ। ਇਸ ਦਾ ਮੰਤਵ ਰਾਜ ਸਰਕਾਰਾਂ ਨੂੰ ਲਾਂਭੇ ਕਰਕੇ ਹੇਠਲੇ ਪਧਰ ਦੀਆਂ ਸੰਸਥਾਵਾਂ ਉਤੇ ਸਿੱਧਾ ਕੇਂਦਰ ਦਾ ਕਬਜ਼ਾ ਕਰਨਾ ਹੈ। ਇਸ ਤਰ੍ਹਾਂ ਪੰਚਾਇਤੀ ਰਾਜ ਨੂੰ ਮਜ਼ਬੂਤ ਕਰਨ ਦੇ ਨਾਂ 'ਤੇ ਕੇਂਦਰ ਸਰਕਾਰ ਆਪਣੇ ਹੱਥ ਮਜ਼ਬੂਤ ਕਰ ਰਹੀ ਹੈ। ''ਪੰਚਾਇਤਾਂ ਨੂੰ ਵੱਧ ਅਧਿਕਾਰ'' ਤੇ ''ਲੋਕਾਂ ਹੱਥ ਤਾਕਤ'' ਦੇਣ ਦੇ ਲੁਭਾਉਣੇ ਨਾਹਰੇ ਦਾ ਮਤਲਬ ਵੱਖ ਵੱਖ ਕੌਮਾਂ ਦੀ ਇਕ ਜੁਟ ਹੋਂਦ, ਸ਼ਨਾਖਤ 'ਤੇ ਵਜੂਦ ਨੂੰ ਖੋਰਨਾ, ਖਿੰਡਾਉਣਾ ਤੇ ਸਿੱਧਮ ਸਿੱਧਾ ਸਥਾਨਕ ਜ਼ਿਲਾ ਪ੍ਰਬੰਧਕੀ ਯੂਨਿਟਾਂ ਨੂੰ ਕੇਂਦਰ ਦੇ ਸ਼ਿਕੰਜੇ ਹੇਠ ਕੱਸ ਲੈਣਾ ਹੈ। ਇਸ ਤਰ੍ਹਾਂ ਦੀ ਵਿਉਂਤਬੰਦੀ ਕਰਨ ਤੋਂ ਕੇਂਦਰੀ ਹਕੂਮਤ ਦਾ ਅਸਲ ਮਨਸ਼ਾ ਅੱਡੋ ਅੱਡ ਕੌਮਾਂ ਦੇ ਲੋਕਾਂ ਦੇ ਮਨਾਂ 'ਚੋਂ, 'ਅਸੀਂ ਪੰਜਾਬੀ, ਅਸੀਂ ਬੰਗਾਲੀ, ਅਸੀਂ ਤਮਿਲ, ਅਸੀਂ ਮਲਿਆਲੀ, ਅਸੀਂ ਮਰਾਠੀ, ਅਸੀਂ ਗੋਰਖੇ, ਅਸੀਂ ਅਸਾਮੀ, ਦੀਆਂ ਪੈਦਾ ਹੋਈਆਂ ਭਾਵਨਾਵਾਂ ਨੂੰ ਖਤਮ ਕਰਨਾ ਹੈ।

ਰਾਜੀਵ ਹਕੂਮਤ 'ਪੰਚਾਇਤੀ ਰਾਜ' ਦੇ ਰੌਲੇ ਥੱਲੇ ਸਾਰੇ ਦੇਸ਼ ਦੇ ਲੋਕਾਂ 'ਤੇ ਹਕੂਮਤ ਦਾ ਸ਼ਿਕੰਜਾ ਕਸਣ ਲਈ ਕੀ ਉਪਰਾਲੇ ਕਰ ਰਹੀ ਹੈ ਇਸ ਗੱਲ ਦਾ ਪਤਾ 24 ਜਨ: 1989 ਦੀ ਪੰਜਾਬੀ ਟ੍ਰਿਬਿਊਨ 'ਚ ਛੱਪੀ ਹੇਠ ਲਿਖੀ ਖਬਰ ਤੋਂ ਲਗਦਾ ਹੈ। ਪਾਠਕਾਂ ਦੀ ਜਾਣਕਾਰੀ ਲਈ ਅਸੀਂ ਸਾਰੀ ਖਬਰ ਇਥੇ ਮੁੜ ਛਾਪ ਰਹੇ ਹਾਂ। **ਡਿਪਟੀ ਕਮਿਸ਼ਨਰਾਂ ਦਾ ਕੰਪਿਊਟਰ ਰਾਹੀਂ ਕੇਂਦਰ ਨਾਲ ਸਿੱਧਾ ਸਬੰਧ** ਦੇ ਅਨੁਵਾਨ ਥੱਲੇ ਛਪੀ ਖਬਰ ਇਸ ਤਰ੍ਹਾਂ ਹੈ, ''ਪੰਜਾਬ ਦੇ ਸਾਰੇ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਦਾ ਸਿੱਧਾ ਸਬੰਧ ਹੁਣ ਕੰਪਿਊਟਰ ਸਿਸਟਮ ਰਾਹੀਂ ਕੇਂਦਰ ਸਰਕਾਰ ਨਾਲ ਹੋ ਗਿਆ ਹੈ। ਇਸ ਗਲ ਦੀ ਜਾਣਕਾਰੀ ਇਥੇ (ਰੋਪੜ) ਕੰਪਿਊਟਰ ਸਿਸਟਮ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਦਿੱਤੀ। ਉਨ੍ਹਾਂ ਦਸਿਆ ਕਿ ਇਸ ਸਿਸਟਮ ਨਾਲ ਹੁਣ ਤਕ ਭਾਰਤ ਦੇ ਸਾਰੇ ਸੂਬਿਆਂ ਦੇ 444 ਜਿਲ੍ਹਿਆਂ 'ਚੋਂ 330 ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਦਾ ਸਿੱਧਾ ਸਬੰਧ ਕੇਂਦਰੀ ਗ੍ਰਹਿ ਮੰਤਰਾਲੇ ਅਤੇ ਪ੍ਰਧਾਨ ਮੰਤਰੀ ਨਾਲ ਹੋ ਗਿਆ ਹੈ।

ਦਸਿਆ ਗਿਆ ਕਿ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਹੁਣ ਸਿੱਧੇ ਕੰਪਿਊਟਰ ਸਿਸਟਮ ਰਾਹੀਂ ਕਿਸੇ ਵੀ ਜਿਲੇ ਦੇ ਡਿਪਟੀ ਕਮਿਸ਼ਨਰ ਤੋਂ ਜਿਲੇ ਵਿਚ ਚੱਲ ਰਹੇ ਵਿਕਾਸ ਦੇ ਕੰਮਾਂ ਬਾਰੇ ਜਾਣਕਾਰੀ ਲੈ ਸਕਣਗੇ। ਇਸਤੋਂ ਇਲਾਵਾ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰਾਲਾ ਕਿਸੇ ਵੀ ਡਿਪਟੀ ਕਮਿਸ਼ਨਰ ਤੋਂ ਜਿਲੇ ਦੀ ਅਮਨ ਕਾਨੂੰਨ ਦੀ ਹਾਲਤ ਬਾਰੇ ਜਾਣਕਾਰੀ ਲੈ ਸਕਣਗੇ।''

ਇਹ ਹੈ ਦੇਸ਼ ਦਾ ਭਵਿੱਖ ਦਾ ਪ੍ਰਬੰਧ ਕੀ ਢਾਂਚਾ ਜਿਸ ਨੂੰ ਦੇਸ਼ ਦੀਆਂ ਅਡੋ ਅੱਡ ਕੌਮਾਂ ਦੇ ਲੋਕਾਂ 'ਤੇ ਠੋਸਣ ਲਈ ਰਾਜੀਵ ਹਕੂਮਤ ਦਿਨ ਰਾਤ ਇਕ ਕਰ ਰਹੀ ਹੈ। ਹੁਣੇ ਜਿਹੇ ਪੰਚਾਇਤਾਂ ਅਤੇ ਮਿਊਨਸਪਲ ਕਮੇਟੀਆਂ ਨੂੰ ਮਜ਼ਬੂਤ ਕਰਨ ਅਤੇ ਉਨ੍ਹਾਂ ਨੂੰ ਜਿਲੇ ਦੇ ਮੁੱਖੀ ਆਈ.ਏ.ਐਸ. ਅਫਸਰ ਦੇ ਅਧੀਨ ਕਰਨ ਦੇ ਸ਼ੋਰ ਸ਼ਰਾਬੇ ਪਿਛੇ ਕੇਂਦਰੀ ਹਾਕਮਾਂ ਦਾ ਅੱਡ ਅੱਡ ਕੌਮੀ ਹੋਂਦ ਦੀ ਭਾਵਨਾ ਨੂੰ ਬਲ ਬਖਸ਼ ਰਹੀ ਭਾਸ਼ਾਈ ਸੂਬਿਆਂ ਨੂੰ ਹੌਲੀ ਹੌਲੀ ਸ਼ਕਤੀਹੀਣ ਕਰਕੇ ਉਨ੍ਹਾਂ ਦੀ ਹੋਂਦ ਨੂੰ ਖਤਮ ਕਰਨਾ ਹੈ ਅਤੇ ਜ਼ਿਲਾ ਪੱਧਰ ਦੇ ਅਧਾਰ 'ਤੇ ਪ੍ਰਬੰਧਕਾਂ ਢਾਂਚਾ ਉਸਾਰ ਕੇ ਸਾਰੇ ਦੇਸ਼ ਕੇਂਦਰੀ ਸ਼ਿਕੰਜੇ ਵਿਚ ਕਸੱਣਾ ਹੈ। ਹਾਕਮ ਜਮਾਤਾਂ ਦਾ ਇਕ ਧੜਾ ਲਗਾਤਾਰ ਇਸ ਗਲੋ ਦੀ ਵਕਾਲਤ ਕਰਦਾ ਆ ਰਿਹਾ ਹੈ ਕਿ ਕੌਮੀ ਅਧਾਰ 'ਤੇ ਉਸਰੇ ਸੂਬਿਆਂ ਨੂੰ ਤੋੜ ਕੇ ਸਾਰੇ ਦੇਸ਼ ਦਾ ਢਾਂਚਾ ਜਿਲੇ ਨੂੰ ਇਕ ਇਕਾਈ ਮੰਨ ਕੇ ਉਸਦੇ ਅਧਾਰ 'ਤੇ ਉਸਾਰਿਆ ਜਾਵੇ। ਜਿਲਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਸਿੱਧਾ ਕੇਂਦਰ ਸਰਕਾਰ ਦੇ ਸੰਪਰਕ ਅਤੇ ਕੰਟਰੋਲ 'ਚ ਲਿਆ ਕੇ ਰਾਜੀਵ ਗਾਂਧੀ ਇਸ ਗੱਲ ਦੀਆਂ ਤਿਆਰੀਆਂ ਕਰ ਰਿਹਾ ਹੈ ਕਿ ਜੇ ਭਵਿਖ 'ਚ ਕਿਤੇ ਅੱਡ ਅੱਡ ਕੌਮ ਦੇ ਸੰਘਰਸ਼ ਹਥੋਂ ਨਿਕਲਦੇ ਦਿਸਣ ਤਾਂ ਦੇਸ਼ ਨੂੰ ਇਸ ਤਰ੍ਹਾਂ ਕੇਂਦਰ ਰਾਹੀਂ ਸਿੱਧਾ ਕੰਟਰੋਲ ਕਰਨ 'ਚ ਕੋਈ ਸਮਸਿਆ ਪੇਸ਼ ਨਾ ਆਵੇ।

ਕਸ਼ਮੀਰੀ ਲੋਕਾਂ ਦੀ ਕੌਮੀ ਮੁਕਤੀ ਲਹਿਰ ਨਵੇਂ ਮੋੜ 'ਤੇ

ਇਸ ਸਾਲ ਫਰਵਰੀ ਮਹੀਨੇ ਦੇ ਪਹਿਲੇ ਅੱਧ 'ਚ ਪੰਜਾਬੀ ਲੋਕ, ਆਪਣੇ ਮਹਾਨ ਕੌਮੀ ਸੂਰਮਿਆਂ ਸਤਵੰਤ ਸਿੰਘ ਤੇ ਕਿਹਰ ਸਿੰਘ ਨੂੰ ਫਾਂਸੀ ਲਾਏ ਜਾਣ ਦੇ ਵਿਰੋਧ 'ਚ ਰੋਸ ਪਰਗਟ ਕਰਨ ਲਈ "ਤਿੰਨ ਰੋਜ਼ਾ ਪੰਜਾਬ ਐਕਸ਼ਨ" ਨੂੰ ਸਫਲ ਬਨਾਉਣ 'ਚ ਰੁੱਝੇ ਹੋਣ ਕਰਕੇ 11 ਫਰਵਰੀ ਨੂੰ ਕਸ਼ਮੀਰ ਬੰਦ ਦੇ ਸੱਦੇ ਨੂੰ ਮਿਲੇ ਭਰਵੇਂ ਹੁੰਗਾਰੇ ਵੱਲ ਪੂਰਾ ਧਿਆਨ ਨਹੀਂ ਦੇ ਸਕੇ। ਕਸ਼ਮੀਰ ਬੰਦ ਦਾ ਇਹ ਸੱਦਾ, 'ਕਸ਼ਮੀਰ ਲਿਬਰੇਸ਼ਨ ਫਰੰਟ' ਨੇ ਆਪਣੇ ਨਿਧੜਕ ਯੋਧੇ ਮਕਬੂਲ ਬੱਟ ਨੂੰ 11 ਫਰਵਰੀ ਨੂੰ ਫਾਂਸੀ ਲਾਏ ਜਾਣ ਦੇ ਦਿਨ ਰੋਸ ਪਰਗਟ ਕਰਨ ਲਈ ਦਿੱਤਾ ਸੀ। ਮਕਬੂਲ ਬੱਟ ਨੂੰ ਤਿਹਾੜ ਜੇਲ੍ਹ ਵਿਚ ਭਾਰਤੀ ਹਾਕਮਾਂ ਵਲੋਂ ਬੜੇ ਕਾਇਰਤਾ ਪੂਰਣ ਢੰਗ ਨਾਲ 11 ਫਰਵਰੀ 1984 ਨੂੰ ਫਾਂਸੀ 'ਤੇ ਲਟਕਾ ਦਿੱਤਾ ਗਿਆ ਸੀ। ਕਸ਼ਮੀਰੀ ਲੋਕਾਂ ਵਲੋਂ ਬੰਦ ਦੇ ਇਸ ਸੱਦੇ ਨੂੰ ਮਿਲੇ ਭਰਵੇਂ ਹੁੰਗਾਰੇ ਨਾਲ ਕਸ਼ਮੀਰ ਦੀ ਮੌਜੂਦਾ ਸਿਆਸੀ ਸਥਿੱਤੀ ਦਾ ਨੇੜਲਾ ਸਬੰਧ ਹੈ। ਕਿਉਂਕਿ ਮਕਬੂਲ ਬੱਟ ਨੇ ਵੀ ਕਸ਼ਮੀਰ ਦੀ ਅਜਾਦੀ ਦਾ ਨਾਅਰਾ ਬੁਲੰਦ ਕੀਤਾ ਸੀ।

ਕਸ਼ਮੀਰ ਦੀ ਮੌਜੂਦਾ ਸਿਆਸੀ ਸਥਿੱਤੀ ਕੀ ਹੈ? ਇਸ ਦਾ ਅੰਦਾਜ਼ਾ 'ਦੀ ਟ੍ਰਿਬਿਊਨ' ਦੇ ਮੁੱਖ ਸੰਪਾਦਕ ਵੀ. ਐਨ. ਨਰਾਇਣਨ ਦੀ ਮੌਕੇ 'ਤੇ ਜਾ ਕੇ ਕੀਤੀ ਗਈ ਰਿਪੋਰਟਿੰਗ ਤੋਂ ਲਾਇਆ ਜਾ ਸਕਦਾ ਹੈ। ਸ੍ਰੀ ਨਰਾਇਣਨ ਜੂਨ ਮਹੀਨੇ 'ਚ ਹੀ ਕਸ਼ਮੀਰ ਦਾ ਦੌਰਾ ਕਰਕੇ ਪਰਤੇ ਹਨ, ਰਿਪੋਰਟ ਅਨੁਸਾਰ "ਵੇਖਣ ਨੂੰ ਕਸ਼ਮੀਰ ਪਿਛਲੇ ਮਹੀਨੇ ਦੀ ਨਿਸਬਤ ਸ਼ਾਂਤ ਹੈ ਪਰ ਹਕੀਕਤ ਇਹ ਹੈ ਕਿ ਇਸਦੀ ਹਾਲਤ ਪੰਜਾਬ ਨਾਲੋਂ ਵਖਰੀ ਨਹੀਂ। ਅਸਲ 'ਚ ਭਾਰਤ ਦੇ ਬਹੁਤ ਸਾਰੇ ਸੂਬਿਆਂ 'ਚ ਪੰਜਾਬ ਦੇ ਜਿਰਮ ਦਾਖਲ ਹੋ ਚੁੱਕੇ ਹਨ ਭਾਂਵੇ ਕਿ ਉਨ੍ਹਾਂ ਪੰਜਾਬ ਵਰਗੀ ਤਾਕਤ ਨਹੀਂ ਪਕੜੀ। ਪੰਜਾਬ ਅਤੇ ਕਸ਼ਮੀਰ ਦੀ ਹਾਲਤ ਕਾਫੀ ਹੱਦ ਤੱਕ ਆਪਸ ਵਿਚ ਮੇਲ ਖਾਂਦੀ ਹੈ। ਧਾਰਮਿਕ ਸੰਸਥਾਵਾਂ ਖਾੜਕੂਆਂ ਦੇ ਛੁਪਣ ਦੀਆਂ ਥਾਵਾਂ ਬਣ ਰਹੀਆਂ ਹਨ। ਏ.ਕੇ. 47 ਦੀ ਥਾਂ ਕਲਾਸ਼ਨੀ ਕੋਵ ਆਮ ਵੇਖਣ 'ਚ ਆ ਰਹੀ ਹੈ। ਸੀ.ਆਰ.ਪੀ.ਐਫ. ਵੀ ਥਾਂ-ਥਾਂ ਮੋਰਚੇ ਬਣਾਈ ਬੈਠੀ ਹੈ" ਜੇਕਰ 1948 ਦੇ ਜਨਮੱਤ ਵਿਚ ਰਿਆਸਤ ਦੇ 70 ਫੀਸਦੀ ਲੋਕ ਭਾਰਤ ਦੇ ਵਿਰੋਧ 'ਚ ਖੜੇ ਸਨ ਤਾਂ ਅੱਜ 90 ਫੀਸਦੀ ਲੋਕ ਭਾਰਤ ਦੇ ਵਿਰੋਧ 'ਚ ਖੜੇ ਹਨ।" ਇਕ ਛੋਟੀ ਜਿਹੀ ਚੰਗਿਆੜੀ ਹੀ ਭਾਂਬੜ ਬਾਲਣ ਲਈ ਕਾਫੀ ਹੈ।" ਸ੍ਰੀ ਨਗਰ 'ਚ ਇਸ ਸਮੇਂ ਤਣਾਓ ਹੈ। ਕੁਝ ਲੋਕਾਂ ਅਨੁਸਾਰ ਸ਼ਹਿਰਾਂ 'ਚ ਮਾਰੂ ਹਥਿਆਰਾਂ ਨਾਲ ਲੈਸ ਖਾੜਕੂ ਆ ਗਏ ਹਨ। "ਮੁਸਲਮਾਨ ਗੱਭਰੂ ਐਲਾਨੀਆਂ ਇਹ ਕਹਿੰਦੇ ਫਿਰਦੇ ਹਨ ਕਿ ਉਹ ਸਰਕਾਰੀ ਜਬਰ ਦਾ ਟਾਕਰਾ ਬੰਦੂਕਾਂ ਨਾਲ ਕਰਨਗੇ। ਉਹ ਸਾਰਾ ਡਰ ਭੈਅ ਗੁਆ ਚੁੱਕੇ ਹਨ। ਅਜੇ ਬਹੁਤਾ ਸਮਾਂ ਨਹੀਂ ਹੋਇਆ ਕਿ ਸ੍ਰੀ ਨਗਰ 'ਚ ਫਸਾਦੀ ਆਪਣੀ ਲੜਾਈ ਇੱਟਾਂ ਪੱਥਰਾਂ ਨਾਲ ਲੜਦੇ ਸਨ ਤੇ ਪੁਲਿਸ ਆਉਣ 'ਤੇ ਦੌੜ ਜਾਂਦੇ ਸਨ। ਪਰ ਅੱਜ ਦਾ ਗੱਭਰੂ ਪੁਲੀਸ ਦੇ ਸਾਹਮਣੇ ਸੀਨਾ ਤਾਣ ਕੇ ਖੜਾ ਹੋ ਜਾਂਦਾ ਹੈ। ਇਸ ਸਾਲ ਦੇ ਸ਼ੁਰੂ ਵਿਚ ਡੀ.ਆਈ. ਜੀ. ਸ੍ਰੀ ਵਾਤਲੀ ਦੇ ਘਰ 'ਤੇ ਹਮਲਾ ਕੀਤਾ ਗਿਆ। ਅਪਰੈਲ 'ਚ ਇਕ ਡਿਪਟੀ ਕਮਿਸ਼ਨਰ ਦੇ ਮਕਾਨ ਨੂੰ ਬੰਬਾਂ ਨਾਲ ਉਡਾ ਦਿੱਤਾ ਗਿਆ। ਦੋ ਅੱਤਵਾਦੀ ਜਥੇਬੰਦੀਆਂ ਜਿਨ੍ਹਾਂ 'ਚੋਂ ਇਕ ਦਾ ਮਨੋਰਥ ਕਸ਼ਮੀਰ ਨੂੰ ਅਜਾਦ ਕਰਵਾਉਣਾ ਤੇ ਦੂਸਰੀ ਦਾ ਮਨੋਰਥ ਕਸ਼ਮੀਰ ਨੂੰ ਪਾਕਿਸਤਾਨ ਨਾਲ ਮਿਲਾਉਣਾ ਹੈ ਤਾਕਤ ਫੜ੍ਹ ਰਹੀਆਂ ਹਨ ਸੀ.ਆਰ.ਪੀ. ਦੀਆਂ ਕਾਰਵਾਈਆਂ ਲੋਕਾਂ 'ਚ ਬੇ-ਭਰੋਸਗੀ ਭਰ ਰਹੀਆਂ ਹਨ ਤੇ ਉਹ ਨਿਡਰ ਹੋ ਕੇ ਉਸਦਾ ਮੁਕਾਬਲਾ ਕਰ ਰਹੇ ਹਨ।" ਭਾਰਤ ਵਿਰੋਧੀ ਲਹਿਰ ਪੰਜ ਜ਼ਿਲ੍ਹਿਆਂ 'ਚ ਜ਼ੋਰ ਫੜ ਚੁੱਕੀ ਹੈ ਤੇ ਇਨ੍ਹਾਂ ਜ਼ਿਲ੍ਹਿਆਂ ਵਿਚ ਹੀ ਰਾਜ ਦੀ 90 ਫੀਸਦੀ ਮੁਸਲਮਾਨ ਵਸੋਂ ਹੈ। ਇਸ ਸਮੇਂ ਗੁੱਜਰ ਤੇ ਹੋਰ ਮੁਸਲਮਾਨ ਸ਼ਰੇਣੀਆਂ ਵੀ ਸਰਕਾਰ ਨਾਲ ਨਰਾਜ ਹਨ। ਇਸ ਨਰਾਜਗੀ ਵਿਚ ਭਾਰਤ ਵਿਰੋਧੀਆਂ ਦਾ ਪਰਚਾਰ ਵਾਧਾ ਕਰ ਰਿਹਾ ਹੈ। ਲੋਕ ਕੌਮੀ (ਭਾਰਤ ਪੱਖੀ) ਲੀਡਰਾਂ ਦੀ ਗੱਲ ਸੁਣਨ ਲਈ ਹੀ ਤਿਆਰ ਨਹੀਂ ਹਨ।" (ਰਿਪੋਰਟ ਦੇ ਇਹ ਅੰਸ਼ ਹੂਬਹੂ ਛਾਪੇ ਜਾ ਰਹੇ ਹਨ। ਸਿਰਫ ਇਸ ਵਿਚ ਪਾਕਿਸਤਾਨ ਪੱਖੀ ਸ਼ਬਦ ਦੀ ਥਾਂ 'ਤੇ ਭਾਰਤ ਵਿਰੋਧੀ ਸ਼ਬਦ ਦਰਜ ਕੀਤਾ ਗਿਆ ਹੈ ਕਿਉਂਕਿ ਦਿੱਲੀ ਦਰਬਾਰ ਦੇ ਪੱਖੀ ਪੱਤਰਕਾਰ ਕਸ਼ਮੀਰੀਆਂ ਦੀਆਂ ਹੱਕੀ ਕੌਮੀ ਭਾਵਨਾਵਾਂ ਨੂੰ ਬੱਦੂ ਕਰਨ ਲਈ ਪਾਕਿਸਤਾਨ ਪੱਖੀ ਕਹਿਕੇ ਭੰਡਦੇ ਹਨ) ਵੀ ਐਨ ਨਰਾਇਣਨ ਦੀ ਰਿਪੋਰਟ ਅਨੁਸਾਰ ਹੀ "ਡਾ: ਫ਼ਾਰੂਕ ਅਬਦੁਲਾ ਦੀ ਸਰਕਾਰ ਬਰਤਰਫੀ ਵੱਲ ਵੱਧ ਰਹੀ ਹੈ ਭਾਂਵੇਂ ਕਿ ਇਸ ਦਾ ਅਜੇ ਸਮਾਂ ਨਹੀਂ ਆਇਆ।"

ਰਾਜੀਵ ਗਾਂਧੀ ਨਾਲ ਸਮਝੌਤਾ ਕਰਕੇ ਜੰਮੂ ਕਸ਼ਮੀਰ ਦੀ ਮੁੱਖ ਮੰਤਰੀ ਦੀ ਕੁਰਸੀ 'ਤੇ ਬੈਠਾ ਫਾਰੂਖ ਅਬਦੁੱਲਾ ਦਿੱਲੀ ਦਰਬਾਰ ਦੇ ਏਜੰਟ ਦਾ "ਮਾਣ" ਹਾਸਲ ਕਰਕੇ ਕਸ਼ਮੀਰੀ ਲੋਕਾਂ 'ਚੋਂ ਸਿਆਸੀ ਤੌਰ 'ਤੇ ਕਿਸ ਹੱਦ ਤਕ ਨਿਖੱੜ ਚੁੱਕਾ ਹੈ ਇਸਦਾ ਅੰਦਾਜ਼ਾ ਉਸ ਦੀ ਬੌਖਲਾਹਟ ਤੋਂ ਲਾਇਆ ਜਾ ਸਕਦਾ ਹੈ। ਜਦੋਂ ਪਿਛਲੇ ਮਹੀਨੇ ਜੰਮੂ ਕਸ਼ਮੀਰ ਲਿਬਰੇਸ਼ਨ ਫਰੰਟ ਨੇ ਕਸ਼ਮੀਰ 'ਚ ਲੋਕਾਂ 'ਤੇ ਕੀਤੇ ਜਾ ਰਹੇ ਜ਼ਬਰ ਵਿਰੁੱਧ ਰੋਸ ਪਰਗਟ ਕਰਨ ਲਈ 4 ਦਿਨਾਂ ਬੰਦ ਦਾ ਸੱਦਾ ਦਿੱਤਾ ਤਾਂ ਫਾਰੂਖ ਅਬਦੁੱਲਾ ਲੋਕਾਂ ਨੂੰ ਇਸ ਬੰਦ 'ਚ ਸ਼ਾਮਲ ਹੋਣ ਤੋਂ ਵਰਜਣ ਲਈ ਲੋਕਾਂ ਨੂੰ ਹੀ ਪੁਲਸੀ ਧਮਕੀਆਂ ਦੇਣ 'ਤੇ ਉੱਤਰ ਆਇਆ। ਉਸਦਾ ਕਹਿਣਾ ਸੀ, "ਜੇਕਰ ਕਿਸੇ ਨੇ ਵੀ ਅਮਨ ਭੰਗ ਕੀਤਾ ਤਾਂ ਉਸਨੂੰ ਗੋਲੀਆਂ ਦਾ ਸਾਹਮਣਾ ਕਰਨਾ ਪਏਗਾ, ਜੇਕਰ ਦੁਕਾਨਦਾਰਾਂ ਨੇ ਦੁਕਾਨਾਂ ਨਾ ਖੋਹਲੀਆਂ ਤਾਂ ਉਹ ਜ਼ਬਰੀ ਖੋਲ੍ਹ ਦਿੱਤੀਆਂ ਜਾਣਗੀਆਂ। ਜੇਕਰ ਕਿਸੇ ਨੇ ਪੁਲਿਸ ਵਿਰੁੱਧ ਬੰਦੂਕਾਂ ਦੀ ਵਰਤੋਂ ਕੀਤੀ ਤਾਂ ਉਨ੍ਹਾਂ ਨੂੰ ਦੇਖਦਿਆਂ ਹੀ ਗੋਲੀ ਮਾਰ ਦਿੱਤੀ ਜਾਏਗੀ। ਉਨ੍ਹਾਂ ਦੇ ਹਿਮਾਇਤੀਆਂ ਅਤੇ ਪਨਾਹਗੀਰਾਂ ਦਾ ਵੀ ਇਹੋ ਹਸ਼ਰ ਹੋਵੇਗਾ। ਜੇ ਲੋੜ ਪਈ ਤਾਂ ਫੌਜ ਘਰਾਂ 'ਚ ਦਾਖਲ ਹੋਕੇ ਅੱਤਵਾਦੀਆਂ ਨੂੰ ਕਾਬੂ ਕਰੇਗੀ ਤੇ ਅਸੀਂ ਇਸ ਸਬੰਧੀ ਫੌਜ ਨੂੰ ਪਹਿਲਾਂ ਹੀ ਚੌਕਸ ਕਰ ਦਿੱਤਾ ਹੋਇਆ ਹੈ।"

ਫਾਰੂਖ ਅਬਦੁੱਲਾ ਨੂੰ ਡੁੱਬ ਮਰਨ ਲਈ ਉਦੋਂ ਥਾਂ ਨਾ ਮਿਲੀ ਜਦੋਂ ਲੋਕਾਂ ਨੇ 'ਚਾਰ ਦਿਨਾਂ ਕਸ਼ਮੀਰ ਬੰਦ ਦੇ ਸੱਦੇ' ਨੂੰ ਪੂਰੀ ਤਰ੍ਹਾਂ ਸਫਲ ਬਣਾ ਕੇ ਇਹ ਸਿੱਧ ਕਰ ਦਿੱਤਾ ਕਿ ਉਹ ਫਾਰੂਖ ਦੀਆਂ ਪੁਲਸੀ ਧਮਕੀਆਂ ਤੋਂ ਨਹੀਂ ਡਰਦੇ ਅਤੇ ਉਹ ਖਾੜਕੂ ਜਥੇਬੰਦੀਆਂ ਦੇ ਨਾਲ ਹਨ।

ਅੱਜ ਕਸ਼ਮੀਰੀ ਲੋਕ ਨਾ ਸਿਰਫ ਦਿੱਲੀ ਹਕੂਮਤ ਸਗੋਂ ਉਸਦੇ ਏਜੰਟਾਂ 'ਤੇ ਵੀ ਭਰੋਸਾ ਕਰਨ ਨੂੰ ਤਿਆਰ ਨਹੀਂ। ਕਸ਼ਮੀਰ ਦੀ ਸਿਆਸੀ ਹਾਲਤ ਇਹ ਹੈ ਕਿ ਲੋਕ ਕੌਮੀ ਮੁਕਤੀ ਦੀਆਂ ਭਾਵਨਾਵਾਂ ਨਾਲ ਭਰੇ ਪਏ ਹਨ। ਅੱਜ ਨੌਜਵਾਨ ਆਪਣੀ ਆਜ਼ਾਦੀ ਦੀ ਤਾਂਘ ਨੂੰ ਲੁਕਾ ਕੇ ਨਹੀਂ ਰੱਖ ਰਹੇ ਸਗੋਂ ਦਿੱਲੀ ਹਕੂਮਤ ਦੇ ਹਥਿਆਰਬੰਦ ਅਰਧ ਫੌਜੀ ਦਲਾਂ ਮੂਹਰੇ ਸੀਨੇ ਤਾਣ ਕੇ ਖੜੇ ਹੋ ਰਹੇ ਹਨ ਅਤੇ ਉਹ ਆਪਣੇ ਤਜ਼ਰਬੇ ਰਾਹੀਂ ਇਸ ਸਿਟੇ 'ਤੇ ਪੁਜ ਰਹੇ ਹਨ ਕਿ ਹਥਿਆਰਾਂ ਦੇ ਜ਼ੋਰ ਹੀ ਹਕੂਮਤੀ ਜ਼ਬਰ ਦਾ ਫਾਹਾ ਵੱਢਿਆ ਜਾ ਸਕਦਾ ਹੈ। ਲੋੜ ਹੈ ਕਸ਼ਮੀਰੀ ਲੋਕਾਂ ਦੇ ਇਸ ਕੌਮੀ ਮੁਕਤੀ ਸੰਘਰਸ਼ ਨੂੰ ਠੀਕ ਦਿਸ਼ਾ ਵੱਲ ਅਗੇ ਤੋਰਨ ਦੀ ਅਤੇ ਦੇਸ਼ ਦੀਆਂ ਦੂਜੀਆਂ ਕੌਮਾਂ ਦੇ ਮੁਕਤੀ ਘੋਲਾਂ ਤੇ ਖਾਸ ਕਰਕੇ ਪੰਜਾਬ ਦੇ ਕੌਮੀ ਮੁਕਤੀ ਘੋਲ ਨਾਲ ਇਸ ਦੇ ਸਬੰਧ ਜੋੜਨ ਦੀ ਤਾਂ ਕਿ ਸਾਂਝੇ ਦੁਸ਼ਮਣ ਦਿੱਲੀ ਸਰਕਾਰ ਨੂੰ ਇਕ ਜੁੱਟ ਹੋ ਕੇ ਹਰਾਇਆ ਜਾ ਸਕੇ।

ਭਾਰਤੀ ਹਾਕਮਾਂ ਦੇ ਨਿਆਂ ਪ੍ਰਬੰਧ ਦਾ ਮੰਨੂਵਾਦੀ ਚਿਹਰਾ ਬੇਨਕਾਬ

ਰਾਜਸਥਾਨ ਹਾਈਕੋਰਟ 'ਚ ਮੰਨੂ ਦਾ ਬੁੱਤ ਲੱਗਾ

ਦਲਿਤਾਂ ਤੇ ਅਗਾਂਹ ਵਧੂ ਲੋਕਾਂ ਵਲੋਂ ਅਕਸਰ ਭਾਰਤੀ ਹਕੂਮ 'ਤੇ ਇਹ ਦੋਸ਼ ਲਾਇਆ ਜਾਂਦਾ ਹੈ ਕਿ ਉਹ ਜਾਤਪਾਤੀ ਪ੍ਰਬੰਧ ਦੀ ਪਾਲਣਹਾਰ ਹੈ ਅਤੇ ਉਹ ਜਾਤ-ਪਾਤ ਦੀ ਜਨਮ ਦਾਤਾ ਮਨੂੰਵਾਦੀ ਵਿਚਾਰਧਾਰ ਫੈਲਾਉਂਦੀ ਹੈ ਕਈ ਵਾਰੀ ਕੁਝ ਖੱਬੇ ਪੱਖੀ ਅਤੇ ਅਗਾਂਹ ਵਧੂ ਲੋਕ ਇਸ ਗੱਲ ਤੇ ਕਿੰਤੂ ਪ੍ਰੰਤੂ ਕਰਨ ਲਗ ਪੈਂਦੇ ਹਨ। ਪਰ ਹੁਣ ਰਾਜਸਥਾਨ ਹਾਈਕੋਰਟ ਦੇ ਚੀਫ ਜਸਟਿਸ ਨੇ ਇਸ ਗੱਲ ਨੂੰ ਸਾਬਤ ਕਰ ਦਿਤਾ ਹੈ ਕਿ ਇਥੋਂ ਦਾ ਨਿਆਂ ਪ੍ਰਬੰਧ ਜਾਤਤਾਤੀ ਵਿਚਾਰਧਾਰਾ ਦੇ ਜਨਮ ਦਾਤਾ ਮੰਨੂੰ ਦਾ ਪੈਰੋਕਾਰ ਹੈ।

ਰਾਜਸਥਾਨ ਹਾਈ ਕੋਰਟ ਵਿਚ ਮੰਨੂੰ ਦਾ ਬੁੱਤ ਸਥਾਪਤ ਕੀਤਾ ਗਿਆ ਹੈ ਹਾਈ ਕੋਰਟ'ਚ ਬੁੱਤ ਲਾਉਣ ਦੀ ਮਨਜ਼ੂਰੀ ਹਾਈਕੋਰਟ ਦੇ ਐਕਟਿੰਗ ਚੀਫ ਜਸਟਿਸ ਨਰਿੰਦਰ ਕਾਸਲੀ-ਵਾਲ ਨੇ ਦਿਤੀ ਸੀ ਤੇ ਇਸ ਦੀ ਪਰਦਾ ਚੁਕਾਈ ਦੀ ਰਸਮ ਲਈ ਮੌਜੂਦਾ ਚੀਫ ਜਸਟਿਸ ਮਿਲਾਪ ਚੰਦ ਨੇ ਹਾਮੀ ਭਰੀ ਸੀ। ਇਸ ਬੁੱਤ ਲਈ ਸਾਰਾ ਧੰਨ ਲਾਇਨਜ ਕਲੱਬ ਨੇ ਮੁਹੱਈਆ ਕੀਤਾ। ਕਾਂਗਰਸ ਆਗੂ ਕੱਲਾ ਨੇ ਇਸ ਬੁੱਤ ਨੂੰ ਲਾਉਣ 'ਚ ਸਰਗਰਮ ਹਿੱਸਾ ਪਾਇਆ।

ਹੈ ਨਾ ਕਿੱਡਾ ਖੂਬਸੂਰਤ ਗਠਜੋੜ! ਕਾਂਗਰਸੀ ਆਗੂ, ਧਨਾਢਾਂ ਦੀ ਜਥੇਬੰਦੀ ਲਾਈਨਜ਼ ਕਲੱਬ ਅਤੇ ਹਾਈਕੋਰਟ ਦਾ ਚੀਫ ਜਸਟਿਸ, ਸਾਰੇ ਮੰਨੂ ਦੇ ਪੈਰੋਕਾਰ! ਉਸ ਮਨੂੰ ਦੇ ਜਿਸਦਾ ਕਥਨ ਹੈ ਕਿ ਸ਼ੂਦਰਾਂ ਅਤੇ ਔਰਤਾਂ ਨਾਲ ਪਸ਼ੂਆਂ ਤੋਂ ਵੀ ਭੈੜਾ ਵਿਹਾਰ ਕਰਨਾ ਚਾਹੀਦਾ ਹੈ। ਜਿਹੜਾ ਮਨੂੰ ਜਾਤ ਪਾਤੀ ਵਿਚਾਰਧਾਰਾ ਦਾ ਜਨਮਦਾਤਾ ਹੈ, ਜਿਸਨੇ ਸਮਾਜ ਨੂੰ ਜਾਤਾਂ 'ਚ ਵੰਡਣ ਦਾ ਨਿਆਂ ਪ੍ਰਬੰਧ ਦਿਤਾ। ਪਰ ਸ਼ਾਇਦ ਮਨੂੰ ਦੇ ਇਨ੍ਹਾਂ ਚੇਲਿਆਂ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਸੀ ਕਿ ਹੁਣ ਲੋਕ ਮਨੂੰ ਦੇ ਇਸ ਨਿਆਂ ਪ੍ਰਬੰਧ 'ਤੇ ਨਫਰਤ ਨਾਲ ਥੁਕਦੇ ਹਨ ਅਤੇ ਉਹ ਉਨ੍ਹਾ ਦੇ ਮਨੂੰ ਨੂੰ ਮੁੜ ਸਥਾਪਤ ਕਰਨ ਦੇ ਯਤਨਾ ਨੂੰ ਸਫਲ ਨਹੀਂ ਹੋਣ ਦੇਣਗੇ। ਬਹੁਜਨ ਸਮਾਜ ਪਾਰਟੀ ਅਤੇ ਵਕੀਲਾਂ ਦੀ ਵਡੀ ਗਿਣਤੀ ਨੇ ਰਾਜਸਥਾਨ ਹਾਈਕੋਰਟ ਦੀ ਹਦੂਦ 'ਚ ਮਨੂੰ ਦੇ ਬੁੱਤ ਨੂੰ ਸਥਾਪਤ ਕਰਨ ਦਾ ਵਿਰੋਧ ਕੀਤਾ ਹੈ ਅਤੇ ਚੇਤਾਵਨੀ ਦਿੱਤੀ ਹੈ ਕਿ ਜੇ ਇਸ ਬੁੱਤ ਨੂੰ ਫੌਰੀ ਨਾ ਪੁਟਿਆ ਗਿਆ ਤਾਂ ਉਹ ਇਹ ਬੁੱਤ ਨੂੰ ਪੁੱਟ ਕੇ ਕਿਸੇ ਗੰਦੇ ਖੱਡੇ 'ਚ ਸੁੱਟ ਦੇਣਗੇ।

ਮੋਗਾ ਗੋਲੀ ਕਾਂਡ 'ਤੇ ਬੂਦਹਾਈ ਪਾਉਂਦੇ

ਰਾਖਸ਼ਾਂ ਦੇ ਖੂਨੀ ਚਿਹਰੇ ਪਛਾਣੋ

ਮੋਗਾ ਗੋਲੀ ਕਾਂਡ ਤੋਂ ਬਾਦ ਭਾਰਤੀ ਜਨਤਾ ਪਾਰਟੀ, ਸ਼ਿਵ ਸੈਨਾ ਅਤੇ ਆਰ.ਐਸ.ਐਸ. (ਰਾਸ਼ਟਰੀਆ ਸਵੈਮ ਸੰਗ) ਵਰਗੀਆਂ ਫਾਸ਼ੀ ਜਥੇਬੰਦੀਆਂ ਦੇ ਆਗੂਆਂ ਨੇ ਅੱਤ ਮਚਾ ਰਖੀ ਹੈ। ਇਸ ਗੋਲੀ ਕਾਂਡ ਦੇ ਰੋਸ ਵਜੋਂ ਪੰਜਾਬ ਬੰਦ, ਦਿੱਲੀ, ਹਰਿਆਣਾ, ਜੰਮੂ, ਮੱਧ ਪ੍ਰਦੇਸ਼, ਲਖਨਊ, ਰਾਜਿਸਥਾਨ, ਕੇਰਲਾ, ਪਟਨਾ ਅਤੇ ਮਹਾਰਾਸ਼ਟਰ ਬੰਦ ਦੇ ਸੱਦੇ ਦਿੱਤੇ ਜਾ ਰਹੇ ਹਨ। ਮਹਾਰਾਸ਼ਟਰ ਅਤੇ ਦਿੱਲੀ 'ਚ ਤਾਂ ਭਾਰਤੀ ਜਨਤਾ ਪਾਰਟੀ ਅਤੇ ਸ਼ਿਵ ਸੈਨਾ ਦੇ ਗੁੰਡਿਆਂ ਵਲੋਂ ਦੁਕਾਨਾਂ ਅਤੇ ਵਪਾਰਿਕ ਅਦਾਰੇ ਜ਼ਬਰੀ ਬੰਦ ਕਰਵਾਉਣ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ। ਪਰ ਕੀ ਬੰਦ ਦੇ ਸੱਦੇ ਦੇ ਰਹੇ ਭਾਰਤੀ ਜਨਤਾ ਪਾਰਟੀ, ਆਰ. ਐਸ. ਐਸ. ਤੇ ਸ਼ਿਵ ਸੈਨਾ ਦੇ ਇਨ੍ਹਾਂ ਆਗੂਆਂ ਕੋਲ ਇਸ ਗੱਲ ਦਾ ਕੋਈ ਜੁਆਬ ਹੈ ਕਿ ਮੋਗਾ ਗੋਲੀ ਕਾਂਡ ਵਰਗੇ ਕਾਂਡਾਂ ਦੇ ਵਾਪਰਨ ਲਈ ਇਹ ਆਗੂ ਵੀ ਉਨੇ ਹੀ ਜਿਮੇਂਵਾਰ ਹਨ।

ਇਹ ਆਰ. ਐਸ. ਐਸ. ਦੀ ਹਿੰਦੂ ਜਨੂੰਨੀ ਫਾਸ਼ੀ ਵਿਚਾਰਧਾਰਾ ਹੀ ਹੈ ਜਿਸਨੇ ਸ਼ਿਵ ਸੈਨਾ ਅਤੇ ਭਾਰਤੀ ਜਨਤਾ ਪਾਰਟੀ ਵਰਗੀਆਂ ਫਾਸ਼ੀ ਜਥੇਬੰਦੀਆਂ ਨੂੰ ਜਨਮ ਦਿਤਾ। ਹਿੰਦੋਸਤਾਨ ਨੂੰ ਧਰਮਾਂ ਦੇ ਆਧਾਰ 'ਤੇ ਵੰਡਣ ਲਈ ਕਾਂਗਰਸ ਦੇ ਹਿੰਦੂ ਆਗੂਆਂ ਨਾਲ ਨਾਲ ਆਰ. ਐਸ. ਐਸ. ਵੀ ਉਨੀ ਹੀ ਜਿਮੇਂਵਾਰ ਹੈ ਜਿਸ ਦੀ ਵਿਚਾਰਧਾਰਾ ਦਾ ਮੁੱਖ ਆਧਾਰ ਹੀ ਮੁਸਲਿਮ ਵਿਰੋਧ 'ਤੇ ਟਿਕਿਆ ਹੋਇਆ ਹੈ। ਆਰ, ਐਸ. ਐਸ. ਦੀ ਧਾਰਮਿਕ ਘੱਟ-ਗਿਣਤੀਆਂ ਪ੍ਰਤੀ ਦੁਸ਼ਮਣ ਹਿੰਦੂ ਜਨੂੰਨੀ ਵਿਚਾਰਧਾਰਾ ਹੀ ਹੈ ਜਿਸ 'ਤੇ ਟੇਕ ਰੱਖ ਕੇ ਇੰਦਰਾ ਗਾਂਧੀ ਨੇ ਦੇਸ਼ 'ਚ ਹਿੰਦੂ ਹੰਕਾਰਵਾਦ ਨੂੰ ਹਵਾ ਦਿੱਤੀ। ਸ਼ਿਵ ਸੈਨਾ ਦਾ ਕਟੱੜ ਜਨੂੰਨੀ ਆਗੂ ਬਾਲ ਬਾਕਰੇ ਸ਼ਰੇਆਮ ਭਾਰਤੀ ਮੁਸਲਮਾਨਾਂ ਨੂੰ ਹਿੰਦ ਮਹਾਂਸਾਗਰ 'ਚ ਸੁੱਟਣ ਦੀਆਂ ਧਮਕੀਆਂ ਦੇਂਦਾ ਆ ਰਿਹਾ ਹੈ।

ਪੰਜਾਬ ਵਿਚ ਵੀ ਭਾਰਤੀ ਜਨਤਾ ਪਾਰਟੀ ਹੀ ਸੀ ਜਿਸ ਨੇ ਪੰਜਾਬ ਦੇ ਹਿੰਦੂ ਸਿੱਖਾਂ ਵਿਚ ਪਾੜਾ ਹੋਰ ਵਧਾਉਣ ਦਾ ਕੰਮ ਕੀਤਾ। ਇਹ ਭਾਰਤੀ ਜਨਤਾ ਪਾਰਟੀ ਹੀ ਸੀ ਜਿਸ ਨੇ ਕਾਂਗਰਸ ਦੇ ਨਾਲ ਰਲਕੇ ਕੱਟੜ ਜਨੂੰਨ ਦੀ ਹੱਦ ਤਕ ਪੰਜਾਬੀ ਸੂਬੇ ਦੇ ਬਣਨ ਦਾ ਵਿਰੋਧ ਕੀਤਾ। ਇਥੋਂ ਤਕ ਕਿ ਜਦੋਂ ਭਾਰਤੀ ਜਨਤਾ ਪਾਰਟੀ ਅਕਾਲੀਆਂ ਨਾਲ ਪੰਜਾਬ ਦੀ ਸਾਂਝੇ ਮੋਰਚੇ ਦੀ ਸਰਕਾਰ 'ਚ ਸ਼ਾਮਲ ਸੀ ਤਾਂ ਇਸ ਨੇ ਪੰਜਾਬ 'ਚ ਪੰਜਾਬੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਬਣਾਏ ਜਾਣ ਦਾ ਵੀ ਵਿਰੋਧ ਕੀਤਾ ਸੀ।

ਪੰਜਾਬ ਦੇ ਮੌਜੂਦਾ ਸੰਘਰਸ਼ ਦੌਰਾਨ ਵੀ ਭਾਰਤੀ ਜਨਤਾ ਪਾਰਟੀ ਤੇ ਸ਼ਿਵਸੈਨਾ ਵਰਗੀਆਂ ਜਨੂੰਨੀ ਜਥੇਬੰਦੀਆਂ ਨੇ ਸਿੱਖ ਭਾਈਚਾਰੇ ਦੀਆਂ ਹੱਕੀ ਮੰਗਾਂ ਦਾ ਅੰਨ੍ਹਾ ਵਿਰੋਧ ਕਰਕੇ ਹਿੰਦੂ-ਸਿੱਖ ਪਾੜੇ ਨੂੰ ਹੋਰ ਵਧਾਉਣ ਦਾ ਕੰਮ ਕੀਤਾ ਹੈ। ਇਸਨੇ ਹਮੇਸ਼ਾਂ ਆਪਣੀ ਅੰਨ੍ਹੀ ਸਿੱਖ ਦੁਸ਼ਮਣੀ 'ਚੋਂ ਪੰਜਾਬ ਦੇ ਸੰਘਰਸ਼ ਨੂੰ ਬੰਦੂਕਾਂ ਦੇ ਜੋਰ ਕੁਚਲਣ ਦੀ ਮੰਗ ਕੀਤੀ ਹੈ। ਪੰਜਾਬ ਵਿਚ ਸਿੱਖ ਭਾਈਚਾਰੇ 'ਤੇ ਜਬਰ ਕਰਨ ਦੀ ਮੰਗ ਕਰਨ 'ਚ ਇਹ ਵਹਿਸ਼ੀ ਕਾਂਗਰਸ ਹਕੂਮਤ ਤੋਂ ਵੀ ਕਈ ਕਦਮ ਅਗੇ ਟੱਪ ਗਈ। ਸਰਹੱਦ 'ਤੇ ਵਾੜ ਲਾਉਣ, ਸਰਹੱਦ ਤੇ ਫੌਜੀ ਪੱਟੀ ਬਨਾਉਣ, ਪੰਜਾਬ 'ਚ ਮਾਰਸ਼ਲ ਲਾਅ ਲਾ ਕੇ ਫੌਜਾਂ ਭੇਜਣ ਦੀ ਮੰਗ ਇਹ ਜਥੇਬੰਦੀਆਂ ਸ਼ੁਰੂ ਤੋਂ ਕਰ ਰਹੀਆਂ ਹਨ।

ਜੇ 1984 'ਚ ਕਾਂਗਰਸ ਪਾਰਟੀ ਸਿੱਖ ਵਿਰੋਧੀ ਭਾਵਨਾਵਾਂ ਭੜਕਾ ਕੇ ਹਕੂਮਤੀ ਕੁਰਸੀਆਂ 'ਤੇ ਕਾਬਜ ਹੋਈ ਹੈ ਤਾਂ ਅੱਜ ਇਹ ਫਾਸ਼ੀ ਹਿੰਦੂ ਜਨੂੰਨੀ ਜਥੇਬੰਦੀਆਂ ਸਿੱਖ ਵਿਰੋਧੀ ਭਾਵਨਾਵਾਂ ਭੜਕਾ ਕੇ ਹਕੂਮਤੀ ਕੁਰਸੀਆਂ ਤਕ ਪਹੁੰਚਣ ਦੇ ਸੁਪਨੇ ਲੈ ਰਹੀਆਂ ਹਨ। ਇਸੇ ਮੁਕਾਬਲੇਬਾਜੀ 'ਚ ਹੀ ਅੱਜ ਸ਼ਿਵ ਸੈਨਾ ਅਤੇ ਭਾਰਤੀ ਜਨਤਾ ਪਾਰਟੀ ਵਰਗੀਆਂ ਜਥੇਬੰਦੀਆਂ ਦੇਸ਼ ਦੇ ਅਡੋ ਅੱਡ ਹਿੱਸਿਆਂ 'ਚ ਹਿੰਦੂ ਜਨੂੰਨ ਭੜਕਾਉਣ ਲਈ ਮੋਗਾ ਗੋਲੀ ਕਾਂਡ ਦੇ ਵਿਰੋਧ 'ਚ ਬੰਦ ਦੇ ਸੱਦੇ ਦੇ ਰਹੀਆਂ ਹਨ। ਇਸੇ ਨੀਤੀ ਤਹਿਤ ਮਹਾਰਾਸ਼ਟਰ 'ਚ ਭਾਰਤੀ ਜਨਤਾ ਪਾਰਟੀ ਅਤੇ ਸ਼ਿਵ ਸੈਨਾ ਨੇ ਚੋਣ ਗਠਜੋੜ ਕੀਤਾ ਹੈ। ਇਹੀ ਉਹ ਨੀਤੀ ਹੈ ਜਿਸਨੂੰ ਭਾਰਤੀ ਜਨਤਾ ਪਾਰਟੀ ਦੀ ਵਰਕਿੰਗ ਕਮੇਟੀ ਨੇ ਪਿਛਲੇ ਮਹੀਨੇ ਹਿਮਾਚਲ 'ਚ ਹੋਏ ਆਪਣੇ ਇਜਲਾਸ 'ਚ ਮਨਜੂਰੀ ਦਿੱਤੀ ਹੈ। ਅੱਜ ਕਾਂਗਰਸ ਪਾਰਟੀ ਦੇ ਨਾਲ ਨਾਲ ਭਾਰਤੀ ਜਨਤਾ ਪਾਰਟੀ, ਸ਼ਿਵ ਸੈਨਾ ਅਤੇ ਆਰ ਐਸ. ਐਸ. ਵਰਗੀਆਂ ਫਾਸ਼ੀ ਫਿਰਕੂ ਜਥੇਬੰਦੀਆਂ ਦਾ ਖੂਨੀ ਚਿਹਰਾ ਵੀ ਪਛਾਨਣ ਦੀ ਡਾਢੀ ਲੋੜ ਹੈ। ✠

ਮਾਲਕ, ਪ੍ਰਕਾਸ਼ਕ, ਸੰਪਾਦਕ ਮਾਲਵਿੰਦਰ ਸਿੰਘ ਮਾਲੀ ਨੇ ਜੇ. ਜੇ. ਪ੍ਰਿੰਟਰਜ਼, ਲੁਧਿਆਣਾ ਤੋਂ ਛਪਵਾਕੇ ਪ੍ਰਕਾਸ਼ਤ ਕੀਤਾ

(ਸਫਾ 32 ਦੀ ਬਾਕੀ)

ਰਿਹਾ ਕਰੋ ! "ਨਕਸਲਬਾੜੀ-ਜਿੰਦਾਬਾਦ !" "ਇਨਕਲਾਬੀ ਕੌਮਾਂਤਰੀ ਵਾਦੀ ਲਹਿਰ—ਜਿੰਦਾਬਾਦ !", ਅਤੇ "ਚੀਨ, ਨੇਪਾਲ ਤੇ ਭਾਰਤ ਦੇ ਇਨਕਲਾਬੀ ਲੋਕਾਂ ਦਾ ਏਕਾ-ਜਿੰਦਾਬਾਦ !' ਮੁਜਾਹਰਾਕਾਰੀਆਂ ਨੇ ਕਾ: ਮਾਓ ਜੇ-ਤੁੰਗ ਦੀਆਂ ਸਿਖਿਆਂਵਾਂ ਤੇ ਭਵਿੱਖਬਾਣੀਆਂ ਦੇ ਵੱਡੀ ਗਿਣਤੀ 'ਚ ਮਾਟੋ ਚੁੱਕੇ ਹੋਏ ਸਨ।

ਇਹ ਮੁਜਾਹਰਾ ਸੀ.ਪੀ.ਆਈ. (ਮ.ਲ) ਦੇ (ਪੈਗਾਮ ਗਰੁੱਪ) ਅਤੇ ਖੱਬੇ ਪੱਖੀ ਨਿਪਾਲੀ ਯੂਥ ਫਰੰਟ" ਦੇ ਸੱਦੇ 'ਤੇ ਚੀਨ ਦੀ ਹਾਕਮ ਜੁੰਡਲੀ ਦੇ ਖੂਨੀ ਕਾਰਿਆਂ ਖਿਲਾਫ ਰੋਸ ਪ੍ਰਗਟ ਕਰਨ ਤੇ ਚੀਨੀ ਲੋਕਾਂ ਨਾਲ ਕੌਮਾਂਤਰੀਵਾਦੀ ਇਕ-ਮੁੱਠਤਾ ਜਾਹਰ ਕਰਨ ਲਈ ਕੀਤਾ ਗਿਆ। ਸੜਕਾਂ 'ਤੇ ਜੋਸ਼ੀਲੇ ਨਾਹਰੇ ਮਾਰਦਾ ਅਤ ਦੋਵਾਂ ਜਥੇਬੰਦੀਆਂ ਵੱਲੋਂ ਪ੍ਰਕਾਸ਼ਤ ਹੱਥ ਪਰਚਾ ਵੰਡਦਿਆਂ ਜਦੋਂ ਹੀ ਇਹ ਰੋਸ ਮੁਜਾਹਰਾ ਚੀਨੀ ਦੂਤਘਰ ਨੇੜੇ ਪਹੁੰਚਿਆ ਤਾਂ ਭਾਰੀ ਗਿਣਤੀ 'ਚ ਹਰਕਤ 'ਚ ਆਈਆਂ ਪੁਲਸੀ ਧਾੜਾਂ ਨੇ ਰਸਤਾਂ ਪੂਰੀ ਤਰ੍ਹਾਂ ਰੋਕ ਦਿੱਤਾ ਤੇ ਵੱਖ-ਵੱਖ ਪਾਸੇ ਤੋਂ ਆਵਾਜਾਈ ਦੇ ਰੂਟ ਬੰਦ ਕਰ ਦਿੱਤੇ। ਇਸ 'ਤੇ ਵਿਖਾਵਾਕਾਰੀਆਂ ਨੇ ਚੀਨੀ ਦੂਤਘਰ ਦੇ ਸਾਹਮਣੇ ਵਾਲੇ ਚੌਂਕ ਦੇ ਨਾਲ ਹੀ ਰੈਲੀ ਆਰੰਭ ਕਰ ਦਿੱਤੀ। 125 ਮੁਜਾਹਰਾਕਾਰੀਆਂ ਦੁਆਲੇ ਦੁੱਗਣੀ ਗਿਣਤੀ 'ਚ ਪੁਲਸ ਫੋਰਸ ਘੇਰਾ ਪਾਈ ਖੜੀ ਰਹੀ। 5 ਮੈਂਬਰੀ ਵਫਦ ਚੀਨੀ ਹਾਕਮਾਂ ਨੂੰ ਸੰਬੋਧਤ ਰੋਸ ਪੱਤਰ ਦੇਣ ਲਈ ਗਿਆ ਪਰ ਦੂਤਘਰ ਅੰਦਰੋਂ ਕੋਈ ਵੀ ਰੋਸ ਪੱਤਰ ਲੈਣ ਲਈ ਆਉਣ ਵਾਸਤੇ ਤਿਆਰ ਨਹੀਂ ਸੀ। ਇਸ ਕਰਕੇ ਰੋਸ ਪੱਤਰ ਦੂਤਘਰ ਦੇ ਅਹਾਤੇ ਅੰਦਰ ਸੁੱਟ ਕੇ ਵਫਦ ਵਾਪਸ ਆ ਗਿਆ।

ਡੇਢ ਘੰਟੇ ਤੱਕ ਚੱਲੀ ਇਸ ਰੈਲੀ ਨੂੰ ਪੰਜਾਬ ਇਨਕਲਾਬੀ ਮੋਰਚੇ ਦੇ ਕਨਵੀਨਰ ਮਾਲਵਿੰਦਰ ਸਿੰਘ ਮਾਲੀ ਤੇ ਨਿਪਾਲੀ ਨੌਜਵਾਨ ਫਰੰਟ ਦੇ ਜਨਰਲ ਸਕੱਤਰ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਕਿਹਾ ਕਿ ਅੱਜ ਤੋਂ ਸੱਤ ਸਾਲ ਪਹਿਲਾਂ ਵੀ ਅਸੀਂ ਇਸੇ ਥਾਂ 'ਤੇ ਰੋਸ ਮੁਜਾਹਰਾ ਕਰ ਕੇ ਇਹ ਐਲਾਨ ਕਰਕੇ ਗਏ ਸਾਂ ਕਿ ਕਾ: ਮਾਓ ਦੀ ਮੌਤ ਤੋਂ ਬਾਅਦ ਚੀਨ ਅੰਦਰ ਪੂੰਜੀਪਤ ਮਾਰਗੀਆਂ ਨੇ ਰਾਜ ਪਲਟਾ ਕਰਕੇ ਸੱਤਾ ਹਥਿਆ ਲਈ ਸੀ ਤੇ ਹੁਣ ਉਹ ਉਥੇ ਦੇ ਖਰੇ ਕਮਿਊਨਿਸਟਾਂ ਦੇ ਆਗੂਆ, ਕਾ: ਚਿਆਂਗ ਚਿੰਗ ਤੇ ਚਾਂਗ ਚੁਨ ਚੁਆਓ ਨੂੰ ਫਾਂਸੀ 'ਤੇ ਲਟਕਾਉਣਦੀਆਂ ਤਿਆਰੀਆਂ ਕਰ ਰਹੇ ਨੇ। ਚੀਨ ਅੰਦਰ ਹੁਣ ਵਾਪਰੀਆਂ ਘਟਨਾਵਾਂ ਨੇ ਚੀਨੀ ਰਾਜ ਤੇ ਹਾਕਮਾਂ ਦੀ ਅਸਲ ਫਾਸ਼ੀ ਖਸਲਤ ਨੂੰ ਹੋਰ ਵੀ ਵਧੇਰੇ ਰੂਪ 'ਚ ਬੇਪੜਦ ਕਰ ਦਿੱਤਾ ਹੈ। ਤੇਂਗ ਜੁੰਡਲੀ ਵਲੋਂ ਚੀਨ ਅੰਦਰ ਸਮਾਜਵਾਦ ਦੇ ਨਾਂਅ 'ਤੇ ਲੋਕਾਂ 'ਤੇ ਥੋਪੇ ਸਰਮਾਏਦਾਰੀ ਪ੍ਰਬੰਧ ਦੀਆਂ ਅੰਦਰੂਨੀ ਵਿਰੋਧਤਾਈਆਂ ਨੇ ਹੀ ਚੀਨ ਅੰਦਰ ਵਿਦਿ: ਉਭਾਰ ਨੂੰ ਜਨਮ ਦਿੱਤਾ ਹੈ। ਭਾਵੇਂ ਚੀਨੀ ਵਿਦਿ: ਉਭਾਰ ਸਾਹਮਣੇ ਸਪੱਸ਼ਟ ਇਨਕਲਾਬੀ ਦਿਸ਼ਾ ਨਹੀਂ ਉਭਰੀ ਪਰ ਉਥੋਂ ਦੇ ਲੋਕਾਂ ਨੂੰ ਇਹ ਸੱਚ ਡੂੰਘੀ ਤਰ੍ਹਾਂ ਮਨੀਂ ਵਸਾ ਲੈਣਾ ਚਾਹੀਦਾ ਹੈ ਕਿ ਚੀਨੀ ਦੇ ਲੋਕਾਂ ਲਈ ਇਕ ਨਵਾਂ ਸਮਾਜਵਾਦੀ ਇਨਕਲਾਬ ਹੀ ਦੁੱਖਾਂ ਦਾ ਦਾਰੂ ਸਾਬਤ ਹੋ ਸਕਦਾ ਹੈ ਪੱਛਮੀ ਕਿਸਮ ਦੀ ਸਰਮਾਏਦਾਰਾਂ ਜਮਹੂਰੀਅਤ ਨਹੀਂ।

ਤਿਆਨਨਮਿਨ ਚੌਂਕ 'ਚ ਡੁੱਲਿਆ ਲਹੂ ਸਮਾਜਵਾਦ ਦੀ ਅਸਫਲਤਾ ਦੀ ਨਹੀਂ ਸਗੋਂ ਵਿਕਾਸ ਦੇ ਸਰਮਾਏਦਾਰਾ ਰਾਹ ਦੇ ਦੀਵਾਲੀਏਪਣ ਦੀ ਹੀ ਸ਼ਾਹਦੀ ਭਰਦਾ ਹੈ। ਇਸ ਪੱਖੋਂ ਉਹਨਾਂ ਠੋਸ ਤੱਥਾਂ ਸਾਹਿਤ ਤੇਂਗ-ਲੀ-ਜੁੰਡਲੀ ਦੇ ਕਿਰਦਾਰ ਦੀ ਤੁਲਨਾ ਰਾਜੀਵ ਹਕੂਮਤ ਦੇ ਨਾਲ ਕੀਤੀ। ਇਸ ਦੇ ਨਾਲ ਹੀ ਉਹਨਾਂ ਸਾਮਰਾਜਵਾਦੀ ਤਾਕਤਾਂ ਤੇ ਭਾਰਤੀ ਜਨਤਾ ਪਾਰਟੀ ਵੱਲੋਂ ਪਾਈ ਜਾ ਰਹੀ ਬੂ-ਦੁਹਾਈ ਦਾ ਦੰਭ ਤੇ ਕਮਿਊਨਿਸਟ ਵਿਚਾਰਧਾਰਾ ਨੂੰ ਬੱਦੂ ਕਰਨ ਦੇ ਮਨਸੂਬਿਆਂ ਨੂੰ ਬੇਨਕਾਬ ਕਰਦਿਆਂ ਕਿਹਾ ਕਿ ਇਹ ਉਹੀ ਬੀ.ਜੇ.ਪੀ. ਹੈ ਜੋ ਹਰ ਰੋਜ ਪੰਜਾਬ ਦੀ ਜੁਆਨੀ ਨੂੰ ਕਤਲ ਕਰਨ ਲਈ ਫੌਜ ਤੈਨਾਤ ਕਰਨ ਦੀ ਮੰਗ ਕਰਦੀ ਹੈ।

ਅੰਤ 'ਚ ਉਨ੍ਹਾਂ ਕਿਹਾ ਕਿ ਸਮਾਜਵਾਦੀ ਪ੍ਰਬੰਧ ਦੀ ਵਕਤੀ ਹਾਰ ਤੇ ਦੁਨੀਆਂ ਭਰ 'ਚ ਸਾਮਰਾਜੀ ਤੇ ਉਨ੍ਹਾਂ ਦੇ ਭਾਈਵਾਲਾਂ ਵਲੋਂ ਸਾਰੀਆਂ ਹਕੂਮਤਾਂ 'ਤੇ ਕਾਬਜ ਹੋਣ ਦੀ ਹਕੀਕਤ ਦੇ ਬਾਵਜੂਦ ਦੁਨੀਆਂ ਭਰ ਅੰਦਰ ਖਰੇ ਕਮਿਊਨਿਸਟ ਹਾਰਾਂ ਤੋਂ ਸਬਕ ਸਿਖਦਿਆਂ ਕੌਮਾਂਤਰੀਵਾਦ ਦੇ ਝੰਡੇ ਹੇਠ ਦ੍ਰਿੜਤਾ ਨਾਲ ਅੱਗੇ ਵੱਧ ਰਹੇ ਹਨ। ਮਨੁੱਖਤਾ ਨੂੰ ਦਰਪੇਸ਼ ਸੰਕਟਾਂ ਦਾ ਹੱਲ ਸਮਾਜਵਾਦੀ ਸਮਾਜ ਦੀ ਸਿਰਜਣਾ ਦੇ ਰਾਹ ਪੈ ਕੇ ਹੀ ਸੰਭਵ ਹੈ।

(ਸਫਾ 31 ਦੀ ਬਾਕੀ)

ਇਸ ਵਾਰ ਦੇ ਪਰਚੇ ਦੇ ਟਾਈਟਲ ਨੂੰ ਸਮਝਣ ਲਈ ਕਾਫੀ ਜ਼ਿਆਦਾ ਜ਼ੋਰ ਲਾਉਣ 'ਤੇ ਵੀ ਕੋਈ ਗੱਲ ਨਾ ਬਣੀ। ਅਖੀਰ ਇਕ ਹੋਰ ਸਾਥੀ ਨਾਲ ਗੱਲਬਾਤ ਕਰਨ 'ਤੇ ਪਤਾ ਲੱਗਿਆ ਕਿ ਇਹ ਜੂਨ 1984 ਦੇ ਫੌਜੀ ਹਮਲੇ ਵਾਲੀ ਘਟਨਾ ਦੀ ਯਾਦ ਨੂੰ ਤਾਜ਼ਾ ਕਰਨ ਲਈ ਦਿੱਤੀ ਗਈ ਕਾਰਟੂਨ ਨੁਮਾ ਤਸਵੀਰ ਸੀ, ਜਿਸ ਵਿਚ ਇੰਦਰਾ ਗਾਂਧੀ ਨੂੰ ਸਿੱਖਾਂ ਦੀਆਂ ਲਾਸ਼ਾਂ 'ਤੇ ਖੜ੍ਹ ਕੇ ਦੇਸ਼ ਅੰਦਰਲੀਆਂ ਦੂਸਰੀਆਂ ਧਾਰਮਿਕ ਘੱਟ-ਗਿਣਤੀਆਂ ਅਤੇ ਸੰਘਰਸ਼ੀਲ ਤਬਕਿਆਂ ਨੂੰ ਡਰਾਉਂਦੀ ਹੋਈ ਦਿਖਾਇਆ ਗਿਆ ਸੀ। ਮੇਰੀ ਆਪ ਨੂੰ ਅਪੀਲ ਹੈ ਕਿ ਜੇ ਅੱਗੇ ਤੋਂ ਕਦੀ ਇਹੋ ਜਿਹੇ ਟਾਈਟਲ ਦੇਣੇ ਹੋਣ ਤਾਂ ਨਾਲ ਕੁਝ ਲਿਖ ਕੇ ਇਹ ਇਸ਼ਾਰਾ ਜ਼ਰੂਰ ਦੇ ਦਿੱਤਾ ਜਾਵੇ ਕਿ ਇਹਨਾਂ ਦਾ ਅਰਥ ਕੀ ਬਣਦਾ ਹੈ ?

—ਕਰਮਜੀਤ ਸਿੰਘ (ਸੰਗਰੂਰ)

ਪਾਠਕਾਂ ਦੀਆਂ ਚਿੱਠੀਆਂ

ਤੁਹਾਡੇ ਪਰਚੇ ਦੇ ਜੂਨ ਅੰਕ ਵਿਚ ਸਾਡੀ ਜਥੇਬੰਦੀ- ਦੇਸ਼ ਪੰਜਾਬ ਨਿਆਂ ਫਰੰਟ —ਬਾਰੇ ਜੋ ਸ਼ਬਦ ਲਿਖੇ ਗਏ ਹਨ ਉਹਨਾਂ ਲਈ ਮੈਂ ਆਪਣੀ ਜਥੇਬੰਦੀ ਵਲੋਂ ਤੁਹਾਡਾ ਹਾਰ-ਦਿਕ ਧੰਨਵਾਦ ਕਰਦਾ ਹਾਂ। ਆਪ ਵਲੋਂ ਮਿਲੇ ਹੁੰਗਾਰੇ ਨਾਲ ਸਾਡਾ ਇਰਾਦਾ ਹੋਰ ਵੀ ਪੱਕਾ ਹੋਇਆ ਹੈ ਅਤੇ ਹੌਂਸਲੇ ਬੁਲੰਦ ਹੋਏ ਹਨ। ਆਪਣੀ ਜਥੇਬੰਦੀ ਵਲੋਂ ਮੈਂ ਆਪ ਜੀ ਨੂੰ ਵਿਸ਼ਵਾਸ਼ ਦੁਆਉਣਾ ਚਾਹੁੰਦਾ ਹਾਂ ਕਿ ਅਸੀਂ ਦੇਸ਼ ਦੇ ਹਿੰਦੂਆਂ ਨੂੰ ਕੇਂਦਰ ਦੀਆਂ ਫੁਟ-ਪਾਊ ਨੀਤੀਆਂ ਤੇ ਉਹਨਾਂ ਨੂੰ ਸਿੱਖ ਭਰਾਵਾਂ ਨਾਲ ਲੜਾਉਣ ਦੀਆਂ ਚਾਲਾਂ ਵਿਰੁੱਧ ਚੁਕੰਨੇ ਕਰਨ ਲਈ ਵੱਡੀ ਪੱਧਰ ਉੱਤੇ ਕੰਮ ਕਰਾਂਗੇ। ਪੰਜਾਬ ਸਾਡਾ ਸਭ ਦਾ ਸਾਂਝਾ ਹੈ। ਸਿੱਖ ਗੁਰੂਆਂ ਨੇ, ਸਿੱਖ ਵੀਰਾਂ ਨੇ, ਜੋ ਅਦੁੱਤੀ ਕੁਰਬਾਨੀਆਂ ਦਿੱਤੀਆਂ ਹਨ, ਉਹਨਾਂ ਨੂੰ ਅਸੀਂ ਅਜਾਈਂ ਨਹੀਂ ਜਾਣ ਦਿਆਂਗੇ। ਬੱਸ ਸਾਨੂੰ ਤੁਹਾਡੇ ਵਰਗੇ ਵੀਰਾਂ ਦੀ ਸਾਂਝ ਅਤੇ ਸਾਥ ਮਿਲਦੇ ਰਹਿਣੇ ਚਾਹੀਦੇ ਹਨ।

ਅਸ਼ੋਕ ਪ੍ਰਭਾਕਰ,
ਪ੍ਰਧਾਨ, ਦੇਸ਼ ਪੰਜਾਬ ਨਿਆਂ ਫਰੰਟ,
847, ਦਿਆਲ ਨਗਰ, ਲੁਧਿਆਣਾ।

ਵੀਰ ਜੀ, ਜਿਹੜਾ ਤੁਸੀਂ ਥਾਣਿਆਂ ਅੰਦਰ ਪੁਲਸੀਆਂ ਵਲੋਂ ਧੀਆਂ-ਭੈਣਾਂ ਦੀਆਂ ਬੇਪਤੀਆਂ ਕਰਨ ਬਾਰੇ ਆਪਣੇ ਪਰਚੇ ਵਿਚ ਲਿਖਿਆ ਹੈ, ਉਸ ਬਾਰੇ ਅਸੀਂ ਤੁਹਾਡੇ ਸ਼ੁਕਰ-ਗੁਜ਼ਾਰ ਹਾਂ। ਸਾਡੇ ਪਿੰਡ ਦਾ ਇਕ ਨੌਜਵਾਨ ਪੁਲਿਸ ਵਲੋਂ ਵਾਰ-ਵਾਰ ਤੰਗ ਕੀਤੇ ਜਾਣ ਕਾਰਨ ਘਰੋਂ ਭੱਜ ਗਿਆ ਹੈ। ਪੁਲਿਸ ਵਾਲੇ ਉਸਦੇ ਮਾਂ-ਬਾਪ ਅਤੇ ਭੈਣਾਂ ਨੂੰ ਤੰਗ ਕਰ ਰਹੇ ਹਨ। ਇਕ ਦਿਨ ਉਸ ਦੀ ਇਕ ਭੈਣ ਟਾਈਪ ਵਾਲੇ ਕਾਲਜ ਤੋਂ ਟਾਈਪ ਸਿਖ ਕੇ ਆ ਰਹੀ ਸੀ ਕਿ ਕੁਝ ਪੁਲਸੀਆਂ ਨੇ ਉਸ ਨੂੰ ਰਾਹ ਵਿਚ ਘੇਰ ਲਿਆ। ਕੁੜੀ ਦੇ ਇਹ ਪੁੱਛਣ 'ਤੇ ਕਿ ਤੁਸੀਂ ਕੌਣ ਹੋ? ਉਹਨਾਂ ਨੇ ਆਪਣੇ ਅਡੈਂਟੀ-ਕਾਰਡ ਦਿਖਾ ਦਿੱਤੇ ਅਤੇ ਕੁੜੀ ਨੂੰ ਇਹ ਕਹਿ ਕੇ ਨਾਲ ਲੈ ਗਏ ਕਿ ਤੇਰੇ ਭਰਾ ਬਾਰੇ ਪੁੱਛ-ਗਿੱਛ ਕਰਨੀ ਹੈ। ਬਾਅਦ ਵਿਚ ਇਕ ਕਾਲੋਨੀ ਵਿਚ ਲਿਜਾ ਕੇ ਉਹਨਾਂ ਨੇ ਜੋ ਉਸ ਮਾਸੂਮ ਭੈਣ ਨਾਲ ਕੀਤਾ, ਉਹ ਮੇਰੀ ਕਲਮ ਲਿਖਣ ਤੋਂ ਜਵਾਬ ਦੇ ਰਹੀ ਹੈ। ਪੁਲਸੀ ਕੁੱਤਿਆਂ ਨੂੰ ਅਜਿਹੀਆਂ ਕਰਤੂਤਾਂ ਲਈ ਕੌਣ ਤੇ ਕਦੋਂ ਸਜ਼ਾ ਦੇਵੇਗਾ?

ਮੈਨੂੰ ਪਤਾ ਨਹੀਂ ਲੱਗ ਰਿਹਾ ਕਿ ਮੈਂ ਜ਼ੁਲਮ ਦੀ ਸ਼ਿਕਾਰ ਇਸ ਭੈਣ ਅਤੇ ਸਬੰਧਤ ਪੁਲਸੀਆਂ ਦਾ ਨਾਂ ਪਤਾ ਲਿਖਕੇ ਭੇਜਾਂ ਜਾਂ ਨਾ ਭੇਜਾਂ। ਜਿਹਨਾਂ ਭੈਣਾਂ ਬਾਰੇ ਇਸ ਤਰ੍ਹਾਂ ਦੀ ਗੱਲ ਛੱਪ ਜਾਂਦੀ ਹੈ ਜਾਂ ਚਰਚਾ ਦਾ ਵਿਸ਼ਾ ਬਣ ਜਾਂਦੀ ਹੈ, ਉਹਨਾਂ ਨੂੰ ਸਾਡਾ ਸਮਾਜ ਹੋਰ ਹੀ ਤਰ੍ਹਾਂ ਵੇਖਣ ਲੱਗ ਪੈਂਦਾ ਹੈ। ਇਸੇ ਕਰਕੇ ਹੀ ਅਸੀਂ ਅਖ਼ਬਾਰ ਨੂੰ ਵੀ ਖ਼ਬਰ ਨਹੀਂ ਦੇ ਰਹੇ।

ਜ਼ਿਲ੍ਹਾ ਲੁਧਿਆਣਾ ਦੇ ਇਕ ਪਿੰਡ ਤੋਂ

ਸੰਪਾਦਕ ਵੀਰੋ, ਲਾਲ ਸਲਾਮ। ਆਰ. ਸੀ. ਸੀ. ਆਈ. (ਇਕ ਨਕਸਲੀ ਗਰੁੱਪ —ਸੰਪਾਦਕ) ਵਾਲਿਆਂ ਨੇ ਏਕਤਾ ਕਰਕੇ ਪੰਜਾਬ ਬਾਰੇ ਜਿਹੜਾ ਮਤਾ ਪਾਇਆ ਹੈ, ਉਹ ਬਹੁਤ ਮਜ਼ੇਦਾਰ ਹੈ। ਮਤੇ ਵਿਚ ਕਿਹਾ ਗਿਆ ਹੈ ਕਿ ਪੰਜਾਬ ਦਾ ਮਸਲਾ "ਤੱਤ ਰੂਪ ਵਿਚ ਕਿਸਾਨੀ ਦਾ ਮਸਲਾ ਹੈ।" ਮੈਂ ਇਹਨਾਂ ਸੱਜਣਾ ਨੂੰ ਕੁਝ ਸਵਾਲ ਪੁੱਛਣਾ ਚਾਹੁੰਦਾ ਹਾਂ। ਪੰਜਾਬ ਦੀ ਕਿਸਾਨੀ ਦੀ ਕਿਹੜੀ ਜਮਾਤ ਲੁੱਟ-ਖਸੁੱਟ ਕਰ ਰਹੀ ਹੈ? ਪੰਜਾਬ ਦੀ ਕਿਸਾਨੀ ਨੂੰ ਕਿਹੜੀ ਜਮਾਤ ਦਬਾ ਰਹੀ ਰਹੀ ਹੈ? ਕੀ ਪੰਜਾਬੀ ਜਗੀਰਦਾਰ ਜਾਂ ਸਾਮਰਾਜ ਅਤੇ ਉਸ ਦੇ ਦਲਾਲ ਅਜਾਰੇਦਾਰ ਸਰਮਾਏਦਾਰ? ਮਾੜੀ ਮੋਟੀ ਕਾਮਨ ਸੈਂਸ (ਆਮ ਸੋਝੀ — ਸੰਪਾਦਕ) ਰੱਖਣ ਵਾਲਾ ਕੋਈ ਵੀ ਵਿਅੱਕਤੀ ਇਹ ਜਾਣਦਾ ਹੈ ਕਿ ਪੰਜਾਬ ਵਿਚ ਜਗੀਰਦਾਰ ਨਾਂ ਦੀ ਹੁਣ ਕੋਈ ਜਮਾਤ ਮੌਜੂਦ ਨਹੀਂ ਹੈ,ਪੰਜਾਬੀ ਕਿਸਾਨੀ ਨੂੰ ਜੋ ਕੋਈ ਲੁੱਟ ਰਹੇ ਹਨ, ਜੋ ਕੋਈ ਉਸਨੂੰ ਦਬਾ ਰਹੇ ਹਨ ਤਾਂ ਉਹ ਸਾਮਰਾਜ ਅਤੇ ਉਸ ਦੇ ਦਲਾਲ ਸਰਮਾਏ-ਦਾਰ ਹਨ।

ਸੋ ਪੰਜਾਬ ਦੀ ਕਿਸਾਨੀ ਦੀ ਮੁਕਤੀ ਸਾਮਰਾਜ ਅਤੇ ਉਸ ਦੇ ਦਲਾਲਾਂ ਵਿਰੁੱਧ ਲੜ ਕੇ ਅਤੇ ਜਿੱਤ ਪ੍ਰਾਪਤ ਕਰਕੇ ਹੀ ਹੋ ਸਕਦੀ ਹੈ। ਸਾਮਰਾਜ ਅਤੇ ਉਸ ਦੇ ਦਲਾਲਾਂ ਵਿਰੁੱਧ ਕਿਸਾਨੀ ਦੇ ਘੋਲ ਨੂੰ ਕੌਮੀ ਘੋਲ ਕਿਹਾ ਜਾਂਦਾ ਹੈ। ਸੋ ਪੰਜਾਬ ਦੀ ਕਿਸਾਨੀ ਦਾ ਸਾਮਰਾਜ ਅਤੇ ਉਸ ਦੇ ਦਲਾਲਾਂ ਵਿਰੁੱਧ ਘੋਲ ਕੌਮੀ ਘੋਲ ਹੀ ਹੋਵੇਗਾ। ਸੋ ਪੰਜਾਬ ਦਾ ਮਸਲਾ, ਜਿਸ ਨੂੰ ਇਹ ਸੱਜਣ "ਤੱਤ ਰੂਪ ਵਿਚ ਕਿਸਾਨੀ ਦਾ ਮਸਲਾ" ਦੱਸਦੇ ਹਨ "ਤੱਤ ਰੂਪ ਵਿਚ ਕੌਮੀ ਮਸਲਾ ਹੀ ਹੈ।" ਇਥੇ "ਤੱਤ ਰੂਪ 'ਚ ਕਿਸਾਨੀ ਮਸਲਾ" ਜਾਂ "ਜਰਈ ਮਸਲਾ" ਕਹਿਣ ਦੇ ਅਰਥ ਉਹ ਕਦਾਚਿਤ ਨਹੀਂ ਹੋ ਸਕਦੇ, ਜੋ ਇਹੀ ਗੁਰਬੰਦੀਆਂ ਕਹਿਣ ਦੇ ਅਰਥ ਇਨਕਲਾਬੋਂ ਪਹਿਲੇ ਚੀਨ ਅੰਦਰ ਸਨ। ਸੋ ਇਹ ਸੱਜਣ ਪੰਜਾਬ ਮਸਲੇ ਨੂੰ ਨਾਂ ਕੋਈ ਵੀ ਦੇ ਲੈਣ, ਇਹ ਕੌਮ ਦੀ ਮੁਕਤੀ ਦੇ ਮਸਲੇ ਤੋਂ ਵੱਖਰਾ ਹੋਰ ਕੁਝ ਨਹੀਂ ਹੋਣ ਲੱਗਾ। ਜੇ ਕਿਤੇ ਉਹ ਐਂ ਨਾ ਕਹਿਣ ਕਿ "ਪੰਜਾਬ ਮਸਲਾ ਤੱਤ ਰੂਪ 'ਚ ਭਾਰਤੀ ਕਿਸਾਨੀ ਦਾ ਮਸਲਾ ਹੈ।" —ਨਰਿੰਦਰ ਘੁੜਾਮ (ਪਟਿਆਲਾ)

(ਬਾਕੀ ਸਫਾ 30 'ਤੇ)

ਇਨਕਲਾਬੀ ਕਮਿਊਨਿਸਟਾਂ ਵਲੋਂ

ਚੀਨ 'ਚ ਵਿਦਿਆਰਥੀਆਂ ਦੇ ਕਤਲੇਆਮ ਵਿਰੁੱਧ ਦਿੱਲੀ 'ਚ ਚੀਨੀ ਦੂਤਾਵਾਸ ਸਾਹਮਣੇ ਰੋਸ ਮੁਜਾਹਰਾ



ਦਿੱਲੀ 'ਚ ਚੀਨੀ ਦੂਤਾਵਾਸ ਵੱਲ ਮਾਰਚ ਕਰਦੇ ਹੋਏ ਇਨਕਲਾਬੀ ਕਾਰਕੁੰਨ

11 ਜੂਨ ਦੀ ਦੁਪਹਿਰ ਨੂੰ ਦਿੱਲੀ ਅੰਦਰ ਚਾਣਕੀਯ ਸਿਨਮੇ ਨੇੜੇ ਪੰਜਾਬ ਤੇ ਨੇਪਾਲ ਦੇ ਇਨਕਲਾਬੀ ਵਰਕਰਾਂ ਦੇ ਇਕੱਠ ਨੇ ਚੀਨ ਦੇ ਫਾਸ਼ਿਸ਼ਟ ਹਾਕਮਾਂ ਵਲੋਂ ਚੀਨੀ ਵਿਦਿਆਰਥੀਆਂ ਤੇ ਲੋਕਾਂ ਦੇ ਕੀਤੇ ਕਤਲੇਆਮ ਖਿਲਾਫ ਜ਼ੋਰਦਾਰ ਨਾਹਰੇ ਬੁਲੰਦ ਕਰਦਿਆਂ ਚੀਨੀ ਦੂਤਘਰ ਵਲ ਰੋਹ ਭਰਭੂਰ ਮੁਜਾਹਰਾ ਆਰੰਭ ਦਿੱਤਾ। ਮੁਜ਼ਾਹਰਾਕਾਰੀਆ ਨੇ ''ਮਾਓ ਜੇ-ਤੁੰਗ ਵੱਲੋਂ ਦਰਸਾਏ ਰਾਹ 'ਤੇ ਅੱਗੇ ਵਧੋ'' ਨਾਮੀ ਵੱਡਾ ਬੈਨਰ ਚੁੱਕਿਆ ਹੋਇਆ ਸੀ। ਹਰ ਮੁਜਾਹਰਾ-ਕਾਰੀ ਦੇ ਮੱਦੇ 'ਤੇ ਕਾਮਰੇਡ ਮਾਓ ਦੀ ਤਸਵੀਰ ਲੱਗੀ ਹੋਈ ਸੀ। ਉਹ ਨਾਹਰੇ ਲਾ ਰਹੇ ਸਨ : ''ਤੈਂਗ-ਲੀ ਪੇਂਗ ਬੁੱਚੜ ਟੋਲੀ ਮੁਰਾਦਾਬਾਦ !'', 'ਚੀਨ ਦੇ ਫਾਸਿਸ਼ਟ ਹਾਕਮਾਂ ਖਿਲਾਫ ਲੋਕਾਂ ਦਾ ਹੱਕੀ ਘੋਲ-ਜਿੰਦਾਬਾਦ'', ਕਾਮਰੇਡ ਚਿਆਂਗ ਚਿੰਗ ਤੇ ਚਿਆਂਗ ਚੁਨ ਚਿਆਓ ਨੂੰ ਫੌਰੀ

(ਬਾਕੀ ਸਫਾ 30 'ਤੇ)